

ਹੱਸਦੀ ਦੁਨੀਆ
Hansti Duniya (Punjabi)
Vol. 42
No. 12
December 2018
₹15/-

ਸਭ ਤੋਂ ਪਹਿਲਾਂ

# ਪਿਆਰ ਦੀ ਸਿਖਿਆ 4


## ਹੰਸਤੀ ਦੁਨੀਆ

• Vol. 42 • ਅੰਕ : 12 • ਦਸੰਬਰ 2018 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankai Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009



*Chief Editor :*
*Harjeet Nishad*

*Editor (Honorary)*
Sulekh Singh 'Sathi'

**Email:** editorial@nirankari.org

**Ph.:** 011-47660200
**Fax:** 011-27608215

**Website:** http//www.nirankari.org
kids.nirankari.org



## Subscription Value

| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |

Other Countries
Equivalent to U.S. Dollars as mentioned above.








## ਸਤੰਭ


ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 10
ਹਾਸਾ-ਖੇਡਾ 16
ਸਾਧਾਰਣ ਗਿਆਨ ਪ੍ਰਸ਼ਨੋਤਰੀ 19
ਕੀ ਤੁਸੀ ਜਾਣਦੇ ਹੋ? 27
ਰੰਗ ਭਰੋ ਪ੍ਰਤੀਯੋਗਿਤਾ 38
ਕਦੇ ਨਾ ਭੁੱਲੋ 42
ਬੁੱਧੀ ਦੀ ਪਰਖ 50




## ਚਿੱਤਰਕਥਾਵਾਂ


ਕਿੱਟੀ 20
ਦਾਦਾ ਜੀ 46

















## ਕਹਾਣੀਆਂ


ਉਹ ਕੌਣ ਸੀ?
– ਦਰਸ਼ਨ ਸਿੰਘ ਆਸ਼ਟ 06
ਮੀਕੂ ਖਰਗੋਸ਼ ਦੀ ਤੀਖਣ ਬੁੱਧੀ
– ਅਮਨਪ੍ਰੀਤ 12
ਸਾਹਸੀ ਕਿਸ਼ੋਰ
– ਰਾਮਕੁਮਾਰ 15
ਚੰਦਨ ਬਣਿਆ ਕੋਇਲਾ
– ਭਾਰਤਭੂਸ਼ਣ 24
ਚਿਰਾਯੂ ਮਾਰਕੰਡੇਯ
– ਵਿਨੋ ਜੋਸ਼ੀ 28
ਬਹਾਦੁਰ ਮਹਾਰਾਣੀ
– ਲਾਲ ਸਿੰਘ 32
ਕਿਸਾਨ ਲਈ ਜਗ੍ਹਾ ਨਹੀਂ
– ਅਨੀਤਾ ਜੈਨ 36
ਚੌਥੇ ਸੇਵਕ ਦੀ ਬੁੱਧੀਮਾਨੀ
– ਅਸ਼ੋਕ ਕੁਮਾਰ 40
ਨਦੀ ਦਾ ਘਮੰਡ
– ਰਾਜਕੁਮਾਰ ਜੈਨ 44


## ਗੀਤ-ਕਵਿਤਾਵਾਂ


ਐਸਾ ਕੰਮ ਕਦੇ ਨਹੀਂ ਕਰਨਾ
– ਰਾਜਕੁਮਾਰ ਰਾਜਨ 5
ਚਾਰ ਮਿੰਨੀ ਕਵਿਤਾਵਾਂ
– ਅਸ਼ੋਕ ਨਿਰੰਕਾਰੀ 11
ਜੰਨਤ ਦੀ ਪਰਿਭਾਸ਼ਾ 'ਨਾਰੀ'
– ਬਲਵਿੰਦਰ ਬਾਲਮ 18
ਕੀੜੀ
– ਅਕਸ਼ਦੀਪ 36
ਸ਼ਹਿਰ ਤੋਂ ਚੰਗਾ ਹੈ ਪਿੰਡ ਮੇਰਾ
– ਸੁਰਿੰਦਰ ਰੰਧਾਵਾ 39
ਚਿੜੀ ਆਈ
– ਹਰਿੰਦਰ ਸਿੰਘ ਗੋਗਨਾ 43


## ਵਿਸ਼ੇਸ਼ ਲੇਖ


ਦੀਮਕ...
– ਕੇ.ਪੀ.ਸਿੰਘ 9
ਮਕੜੀ
– ਡਾ.ਵਿਨੋਦ ਗੁਪਤਾ 14
ਸਵਰਾਜ ਮਹਾਮੰਤਰ ਦੇ ਨਾਇਕ
– ਜੈਇੰਦਰ 31
ਭਾਰਤ ਨੇ...ਮੈਡਲ ਜਿੱਤੇ
– ਸ਼੍ਰੀਰਾਮ ਪ੍ਰਜਾਪਤੀ 35

## ਸਭ ਤੋਂ ਪਹਿਲਾਂ

# ਪਿਆਰ ਦੀ ਸਿਖਿਆ

**ਪਿਆਰੇ ਬੱਚਿਓ !** ਦਸੰਬਰ ਦਾ ਮਹੀਨਾ ਅਰੰਭ ਹੋ ਗਿਆ ਹੈ। ਸੰਨ 2018 ਦਾ ਆਖਰੀ ਮਹੀਨਾ ਹੈ। ਅੱਜ ਤੋਂ ਲਗਭਗ 11 ਮਹੀਨੇ ਪਹਿਲਾਂ ਅਸੀਂ ਸਾਰਿਆਂ ਨੇ ਬੜੇ ਚਾਵਾਂ ਅਤੇ ਉਮੰਗਾਂ ਨਾਲ ਇਸ 2018 ਦਾ ਸਵਾਗਤ ਕੀਤਾ ਸੀ। ਅਨੇਕਾਂ ਖੁਸ਼ੀਆਂ ਮਨਾਈਆਂ ਗਈਆਂ ਸਨ। ਨਵੇਂ ਸਾਲ ਤੋਂ ਅਨੇਕਾਂ ਸਫਲਤਾਵਾਂ ਅਤੇ ਪ੍ਰਾਪਤੀਆਂ ਦੀ ਉਮੀਦ ਲਗਾਈ ਗਈ ਸੀ। ਕੁਝ ਪ੍ਰਾਪਤੀਆਂ ਹੋਈਆਂ ਵੀ ਹਨ ਤੇ ਕੁਝ ਅਜੇ ਤਕ ਪੂਰਾ ਹੋਣ ਦੀ ਕਤਾਰ ਵਿਚ ਹਨ। ਸੱਚ ਤਾਂ ਇਹ ਹੈ ਕਿ ਸਾਲ 2018 ਮਹੀਨਾ ਦਰ-ਮਹੀਨਾ ਆਪਣੀ ਸਹਿਜ ਚਾਲ ਚਲਦਾ ਹੋਇਆ ਆਪਣੀ ਪੂਰਨਤਾ ਨੂੰ ਪ੍ਰਾਪਤ ਕਰਨ ਵਾਲਾ ਹੈ। ਦਸੰਬਰ ਮਹੀਨੇ ਦੇ ਅੰਤ ਨਾਲ ਹੀ ਸਾਲ 2018 ਵੀ ਇਤੀਹਾਸ ਦਾ ਹਿੱਸਾ ਬਣ ਜਾਵੇਗਾ ਅਤੇ ਮਨੁੱਖੀ ਫਿਤਰਤ ਅਨੁਸਾਰ, ਫਿਰ ਅਸੀਂ ਸਾਰੇ 2019 ਦੇ ਆਉਣ ਦੀਆਂ ਤਿਆਰੀਆਂ ਅਤੇ ਸ਼ੁਭ ਕਾਮਨਾਵਾਂ ਵਿਚ ਰੁਝ ਜਾਵਾਂਗੇ।

ਪਿਆਰੇ ਬੱਚਿਓ! ਸੱਚ ਤਾਂ ਇਹ ਹੈ ਕਿ ਸਮਾਂ ਆਪਣੀ ਚਾਲ ਨਾਲ ਚਲਦਾ ਰਹਿੰਦਾ ਹੈ ਪਰ ਇਸ ਦੇ ਇਸ ਚਲਨ ਦੌਰਾਨ ਕੁਝ ਅਜਿਹੀਆਂ ਘਟਨਾਵਾਂ ਹੋ ਜਾਂਦੀਆਂ ਹਨ ਜੋ ਸਾਨੂੰ ਬਹੁਤ ਖੁਸ਼ੀਆਂ ਪ੍ਰਦਾਨ ਕਰਦੀਆਂ ਹਨ ਅਤੇ ਕਈ ਅਜਿਹੀਆਂ ਦੁਰਘਟਨਾਵਾਂ ਵੀ ਵਾਪਰ ਜਾਂਦੀਆਂ ਹਨ ਜੋ ਕਦੇ ਭੁਲਾਇਆਂ ਵੀ ਨਹੀਂ ਭੁਲਦੀਆਂ। ਇਤਿਹਾਸ ਬਣ ਜਾਣ ਦੇ ਬਾਅਦ ਵੀ ਉਹ ਘਟਨਾਵਾਂ ਦਿਲੋ ਦਿਮਾਗ ਤੇ ਛਾਈਆਂ ਰਹਿੰਦੀਆਂ ਹਨ ਅਤੇ ਹਮੇਸ਼ਾ ਸਜੀਵ ਹੀ ਲਗਦੀਆਂ ਹਨ।

ਨਿਰੰਕਾਰੀ ਜਗਤ ਲਈ ਸਾਲ 2018 ਭਰਪੂਰ ਉਦਾਸੀ ਅਤੇ ਭਰਪੂਰ ਖੁਸ਼ੀ ਦਾ ਸੰਗਮ ਰਿਹਾ ਹੈ। ਇਸੀ ਸਾਲ ਦੇ ਅਗਸਤ ਮਹੀਨੇ ਵਿਚ ਨਿਰੰਕਾਰੀ ਜਗਤ ਨੂੰ ਅਪਣੇ ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਦਾ ਸਰੀਰਕ ਵਿਛੋੜਾ ਬਰਦਾਸ਼ਤ ਕਰਨਾ ਪਿਆ, ਜਿਸਨੇ ਸਾਰਿਆਂ ਦੇ ਦਿਲਾਂ ਨੂੰ ਝੰਝੋੜ ਦਿੱਤਾ। ਹਰ ਦਿਲ ਵਿਚ ਮਾਯੂਸੀ ਅਤੇ ਨਿਰਾਸ਼ਾ ਘਰ ਕਰ ਗਈ ਸੀ ਪਰ ਖੁਸ਼ੀ ਅਤੇ ਸੰਤੋਸ਼ ਦੀ ਗਲ ਇਹ ਰਹੀ ਕਿ ਉਨ੍ਹਾਂ ਅਪਣੇ ਜੀਵਨ ਕਾਲ ਵਿਚ ਹੀ ਮਿਸ਼ਨ ਨੂੰ ਆਪਣੇ ਨੌਜਵਾਨ ਸਵਰੂਪ ਸੁਦੀਕਸ਼ਾ ਜੀ ਮਹਾਰਾਜ ਦਾ ਉਪਹਾਰ ਪ੍ਰਦਾਨ ਕਰ ਦਿਤਾ ਸੀ ਜਿਸ ਕਾਰਣ ਉਹ ਮਾਯੂਸੀ ਅਤੇ ਨਿਰਾਸ਼ਾ ਦਾ ਦੌਰ ਵੀ ਇਕ ਨਵੀਂ ਆਸ ਅਤੇ ਉਮੀਦ ਦੇ ਰੂਪ ਵਿਚ ਉਭਰ ਕੇ ਆਇਆ।

ਪਿਆਰੇ ਬੱਚਿਓ ! ਦਸੰਬਰ ਦਾ ਮਹੀਨਾ ਕ੍ਰਿਸਮਿਸ ਦਾ ਮਹੀਨਾ ਵੀ ਹੈ। ਹਜ਼ਾਰਾਂ ਸਾਲ ਪਹਿਲਾਂ ਹੋਏ ਹਜਰਤ ਈਸਾ ਮਸੀਹ ਜੀ ਦੀਆਂ ਸਿਖਿਆਵਾਂ ਨੂੰ ਯਾਦ ਕਰਨ ਅਤੇ ਉਨ੍ਹਾਂ ਰਾਹੀਂ ਦਿਤੀ ਮਨੁੱਖਤਾ ਨੂੰ ਅਮੁਲੀ ਦੇਨ ਲਈ ਉਨ੍ਹਾਂ ਦਾ ਸ਼ੁਕਰਾਨਾਂ ਕਰਨ ਦਾ ਵੀ ਮਹੀਨਾ ਹੈ। ਪਿਆਰ ਦੀ ਜੀਵਨ ਵਿਚ ਮਹੱਤਾ ਨੂੰ ਦਰਸਾਉਂਦਿਆਂ ਉਨ੍ਹਾਂ ਕਿਹਾ ਸੀ ਕਿ Love is God ਅਤੇ God is Love. ਇਹੀ ਅਮੁਲੀ ਸਿਖਿਆ ਮਾਤਾ ਸਵਿੰਦਰ ਹਰਦੇਵ ਜੀ ਨੇ ਮਨੁਖਤਾ ਨੂੰ ਪ੍ਰਦਾਨ ਕੀਤੀ ਸੀ ਕਿ 'ਕੁਝ ਵੀ ਹੋਵੇ ਸਿਰਫ ਪਿਆਰ ਹੀ ਪਿਆਰ' ਹੋਵੇ।

ਸੋ ਪਿਆਰੇ ਬੱਚਿਓ ! ਸਮੇਂ ਦੀ ਰਫਤਾਰ ਦੇ ਨਾਲ ਚਲਦਿਆਂ ਹੋਇਆਂ ਗੁਰੂ ਪੀਰ-ਪੈਗ਼ਬਰਾਂ ਰਾਹੀਂ ਦਿਤੀ ਪਿਆਰ ਦੀ ਸਿਖਿਆ ਨੂੰ ਵੀ ਜੀਵਨ ਵਿਚ ਅਪਨਾਉਣਾ ਹੈ ਕਿਉਂਕਿ ਇਹ ਸਿਖਿਆ ਸਾਲਾਂ ਦੇ ਬਦਲਣ ਨਾਲ ਵੀ ਨਹੀਂ ਬਦਲਦੀ ਬਲਕਿ ਸਾਡੇ ਜੀਵਨ ਸਫਰ ਨੂੰ ਰੋਸ਼ਨ ਸਫਰ ਬਣਾਉਣ ਵਿਚ ਮਦਦਗਾਰ ਸਾਬਿਤ ਹੁੰਦੀ ਹੈ।

ਸੁਲੇਖ 'ਸਾਥੀ'
ssathi_2007@yahoo.com

❑ ਰਾਜਕੁਮਾਰ ਰਾਜਨ

# ਐਸਾ ਕੰਮ ਕਦੇ ਨਹੀਂ ਕਰਨਾ

ਹੱਸਣਾ ਅਤੇ ਹਸਾਉਣਾ ਆਪਣੇ,
ਜੀਵਨ ਦਾ ਹੋਵੇ ਆਦਰਸ਼।
ਮਰ ਮਿਟੀਏ ਇਸ ਦੇਸ਼ ਵਾਸਤੇ,
ਕਰਨਾ ਪਵੇ ਕਿਤਨਾ ਸੰਘਰਸ਼।

ਦੀਨ-ਦੁਖੀਆਂ ਦੀ ਕਰਕੇ ਸੇਵਾ,
ਮਾਨਵ ਦਾ ਕਰੀਏ ਕਲਿਆਣ।
ਸੱਚੇ-ਸੁੱਚੇ ਰਾਹ ਤੇ ਚਲ ਕੇ,
ਰਾਸ਼ਟਰ ਦੀ ਵਧਾਈਏ ਸ਼ਾਨ।

ਐਸਾ ਕੰਮ ਕਦੇ ਨਹੀਂ ਕਰਨਾ,
ਆਪਣਾ ਜਿਸ ਨਾਲ ਮਾਣ ਘਟੇ।
ਮਹਾਪੁਰਸ਼ਾਂ ਦੀ ਬਾਣੀ ਤੋਂ,
ਕਦੇ ਨਾ ਸਾਡਾ ਧਿਆਨ ਹਟੇ।

ਵੱਡਿਆਂ ਦਾ ਕਰੀਏ ਸਤਿਕਾਰ,
ਛੋਟਿਆਂ ਨਾਲ ਕਰੀਏ ਪਿਆਰ।
ਬੁਰੀਆਂ ਆਦਤਾਂ ਨਾ ਅਪਨਾਈਏ,
ਦੁਨੀਆ ਦੇ ਵਿਚ ਆਦਰ ਪਾਈਏ।



ਬਾਲ ਕਹਾਣੀ : ਡਾ: ਦਰਸ਼ਨ ਸਿੰਘ ਆਸ਼ਟ

# ਉਹ ਕੌਣ ਸੀ?

ਇਕ ਲੜਕਾ ਸੀ ਬਾਬੀ। ਉਹ ਸਵੇਰੇ-ਸਵੇਰੇ ਸਬਜ਼ੀ ਦੀ ਰੇਹੜੀ ਲੈ ਕੇ ਨਿਕਲ ਜਾਂਦਾ ਸੀ। ਗਲੀ-ਮੁਹੱਲਿਆਂ ਵਿੱਚ ਉਹ ਅਵਾਜ਼ਾਂ ਲਗਾਉਂਦਾ ਹੋਇਆ ਸਬਜ਼ੀ ਵੇਚਦਾ। ਸ਼ਾਮ ਨੂੰ ਆਪਣੇ ਘਰ ਵਾਪਸ ਆਉਂਦਾ ਸੀ। ਉਹਨੂੰ ਇਹ ਕੰਮ ਕਰਦੇ ਹੋਏ ਕੁਝ ਹੀ ਦਿਨ ਹੋਏ ਸਨ। ਇਕ ਦਿਨ ਜਦ ਉਹ ਸਵੇਰੇ-ਸਵੇਰੇ ਰੇਹੜੀ ਲੈ ਕੇ ਘਰ ਤੋਂ ਨਿਕਲਣ ਹੀ ਵਾਲਾ ਸੀ ਕਿ ਉਸਦਾ ਸਹਿਪਾਠੀ ਚੰਦਨ ਆ ਗਿਆ। ਉਹ ਬਾਬੀ ਨੂੰ ਬੋਲਿਆ- ਆਪ ਨੂੰ ਅੱਜ ਪ੍ਰਿੰਸੀਪਲ ਸਾਹਿਬ ਨੇ ਬੁਲਾਇਆ ਹੈ।

ਬਾਬੀ ਨੇ ਹੈਰਾਨੀ ਨਾਲ ਪੁੱਛਿਆ – ਮੈਨੂੰ! ਕਿਉਂ?

ਚੰਦਨ ਬੋਲਿਆ – ਇਹ ਤਾਂ ਮੈਨੂੰ ਪਤਾ ਨਹੀਂ। ਮੈਨੂੰ ਤਾਂ ਅੰਗ੍ਰੇਜ਼ੀ ਵਾਲੀ ਮੈਡਮ ਨੇ ਐਨਾ ਹੀ ਕਿਹਾ ਸੀ ਕਿ ਮੈਂ ਤੈਨੂੰ ਇਹ ਦੱਸ ਦੇਵਾਂ। – ਇਹ ਕਹਿ ਕੇ ਚੰਦਨ ਆਪਣੇ ਘਰ ਵੱਲ ਰਵਾਨਾ ਹੋ ਗਿਆ।

– ਕੋਈ ਗੱਲ ਨਹੀਂ। ਆ ਜਾਵਾਂਗਾ – ਬਾਬੀ ਨੇ ਕਿਹਾ ਅਤੇ ਫਿਰ ਗਹਿਰੀ ਸੋਚ ਵਿੱਚ ਪੈ ਗਿਆ। ਰੇਹੜੀ ਤੇ ਸਲੀਕੇ ਨਾਲ ਸਾਰੀਆਂ ਸਬਜ਼ੀਆਂ ਲੈ ਕੇ ਬਾਬੀ ਗਲੀ-ਮੁਹੱਲਿਆਂ ਵੱਲ ਨਿਕਲ ਪਿਆ।

ਬਲਤੇਜ, ਬਾਬੀ ਦਾ ਗਹਿਰਾ ਦੋਸਤ ਸੀ। ਦੋਵੇਂ ਇਕ ਹੀ ਜਮਾਤ ਵਿੱਚ ਪੜ੍ਹਦੇ ਸਨ। ਬਲਤੇਜ ਦੇ ਪਾਪਾ ਦਾ ਬੜਾ ਕਾਰੋਬਾਰ ਸੀ। ਕਈ ਵਾਰ ਬਲਤੇਜ ਆਪਣੇ ਪਾਪਾ ਦੀ ਗੱਡੀ ਲੈ ਕੇ ਬਾਬੀ ਦੇ ਕੋਲ ਆ ਜਾਂਦਾ ਸੀ ਅਤੇ ਉਹਨੂੰ ਸ਼ਹਿਰ ਵਿੱਚ ਇਧਰ-ਉਧਰ ਘੁਮਾ ਲਿਆਉਂਦਾ ਸੀ। ਦੂਸਰੇ ਪਾਸੇ ਬਾਬੀ ਬਹੁਤ ਗਰੀਬ ਪਰਿਵਾਰ ਦਾ ਲੜਕਾ ਸੀ। ਉਹਨਾਂ ਦਾ ਵੱਡਾ ਪਰਿਵਾਰ ਸੀ। ਦਾਦਾ ਜੀ ਅਕਸਰ ਬੀਮਾਰ ਰਹਿੰਦੇ ਸਨ। ਵੱਡੀ ਭੈਣ ਪੋਲੀਓ ਦੀ ਸ਼ਿਕਾਰ ਸੀ। ਕਿਰਾਏ ਦੇ ਇਕ ਛੋਟੇ ਜਿਹੇ ਮਕਾਨ ਵਿੱਚ ਉਹ ਦਿਨ ਕੱਟ ਰਹੇ ਸਨ। ਪਰਿਵਾਰ ਦੇ ਨਿਰਵਾਹ ਦਾ ਇਕ ਮਾਤਰ ਸਹਾਰਾ ਬਾਬੀ ਦੇ ਪਿਤਾ ਜੀ ਸਨ ਜੋ ਰੇਹੜੀ ਤੇ ਸਬਜ਼ੀ ਵੇਚਦੇ ਸਨ। ਕੁਝ ਦਿਨ ਪਹਿਲਾਂ ਉਹ ਦੁਰਘਟਨਾ ਦਾ ਸ਼ਿਕਾਰ ਹੋ ਗਏ। ਹੁਣ ਉਹ ਹਸਪਤਾਲ ਵਿੱਚ ਆਪਣਾ ਇਲਾਜ਼ ਕਰਵਾ ਰਹੇ ਸਨ। ਇਸ ਨਾਲ ਘਰ ਤੇ ਹੋਰ ਸੰਕਟ ਆ ਗਿਆ। ਹੁਣ ਬਾਬੀ ਨੇ ਸਕੂਲ ਦੀ ਪੜ੍ਹਾਈ ਛੱਡ ਕੇ ਘਰ ਦਾ ਖਰਚਾ ਚਲਾਉਣ ਲਈ ਰੇਹੜੀ ਤੇ ਸਬਜ਼ੀ ਵੇਚਣੀ ਸ਼ੁਰੂ ਕਰ ਦਿਤੀ।

ਬਾਬੀ ਨੇ ਦਸਵੀ ਦੀ ਪ੍ਰੀਖਿਆ ਦਿੱਤੀ ਹੋਈ ਸੀ। ਜਿਸ ਦਿਨ ਉਸਦਾ ਨਤੀਜਾ ਘੋਸ਼ਿਤ ਹੋਇਆ ਤਾਂ ਸਵੇਰ ਹੁੰਦੇ ਹੀ ਬਲਤੇਜ ਬਾਬੀ ਦੇ ਘਰ ਆਪਣੀ ਕਾਰ ਤੇ ਆਇਆ। ਉਸਦੇ ਹੱਥ ਵਿੱਚ ਉਸ ਦਿਨ ਦੀ ਅਖਬਾਰ ਸੀ।

ਬਲਤੇਜ, ਬਾਬੀ ਨੂੰ ਮੁਬਾਰਕ ਦਿੰਦੇ ਹੋਏ ਕਹਿਣ ਲੱਗਾ- ਬਾਬੀ, ਬਹੁਤ-ਬਹੁਤ ਮੁਬਾਰਕ! ਤੂੰ ਮੈਰਿਟ





ਲਿਸਟ ਵਿੱਚ ਆਇਆ ਹੈ। ਵੱਡੀ ਗੱਲ ਇਹ ਹੈ ਕਿ ਪੂਰੇ ਜ਼ਿਲੇ ਵਿੱਚ ਦੂਸਰੇ ਨੰਬਰ ਤੇ।

ਬਾਬੀ ਨੇ ਅਖਬਾਰ ਵਿੱਚ ਆਪਣਾ ਰੋਲ ਨੰਬਰ ਅਤੇ ਫੋਟੋ ਵੇਖੀ ਤਾਂ ਮਾਰੇ ਖੁਸ਼ੀ ਦੇ ਉਸ ਨੇ ਐਨੀ ਜ਼ੋਰ ਨਾਲ ਕਿਲਕਾਰੀ ਮਾਰਨੀ ਚਾਹੀ ਜਿਸ ਨਾਲ ਸਾਰੇ ਮੁਹੱਲੇ ਵਾਲਿਆਂ ਨੂੰ ਪਤਾ ਲਗ ਜਾਏ ਕਿ ਮਿਹਨਤ ਕਿਵੇਂ ਕੀਤੀ ਜਾਂਦੀ ਹੈ ਲੇਕਿਨ ਇਹ ਕੀ? ਉਹ ਰੋਣ ਲੱਗਾ।

– ਬਾਬੀ, ਇਹ ਕੀ? ਮੈਂ ਤਾਂ ਤੇਰੇ ਲਈ ਖੁਸ਼ਖਬਰੀ ਲੈ ਕੇ ਆਇਆ ਹਾਂ ਅਤੇ ਤੂੰ ਰੋਣ ਲੱਗ ਪਿਆ? ਇਹ ਮਾਜਰਾ ਮੈਨੂੰ ਸਮਝ ਨਹੀਂ ਆਇਆ।

ਬਾਬੀ, ਬਲਤੇਜ਼ ਦਾ ਹੱਥ ਫੜ ਕੇ ਬੋਲਿਆ – ਹੁਣ ਤੇਰਾ ਅਤੇ ਮੇਰਾ ਸਾਥ ਛੁੱਟ ਜਾਵੇਗਾ।

ਬਲਤੇਜ ਨੇ ਹੈਰਾਨੀ ਨਾਲ ਪੁੱਛਿਆ – ਕਿਉਂ?

ਬਾਬੀ ਨੇ ਜਵਾਬ ਦਿੱਤਾ– ਬਲਤੇਜ਼, ਤੂੰ ਤਾਂ ਮੇਰੇ ਘਰ ਦੀ ਹਾਲਤ ਨੂੰ ਚੰਗੀ ਤਰ੍ਹਾਂ ਜਾਣਦਾ ਹੈਂ। ਮੈਂ ਰੇਹੜੀ ਲੈ ਕੇ ਸਬਜ਼ੀ ਵੇਚਣੀ ਸ਼ੁਰੂ ਕਰ ਦਿੱਤੀ ਹੈ।

ਬਲਤੇਜ ਤੇ ਉਤਸੁਕਤਾ ਨਾਲ ਪੁੱਛਿਆ– ਇਸਦਾ ਮਤਲਬ ਹੁਣ ਤੂੰ ਰੇਹੜੀ ਤੇ ਸਬਜ਼ੀ ਵੇਚਣ ਲਈ ਜਾਇਆ ਕਰੇਂਗਾ।

– ਹੁਣ ਸਕੂਲ ਵਿੱਚ ਨਵੇਂ ਸਿਰੇ ਤੋਂ ਦਾਖਿਲਾ ਹੋਵੇਗਾ, ਫੀਸ, ਕਿਤਾਬਾਂ–ਕਾਪੀਆਂ, ਯੂਨੀਫਾਰਮ। ਦਸ ਹਜ਼ਾਰ ਤੋਂ ਘੱਟ ਖਰਚਾ ਨਹੀਂ ਹੋਵੇਗਾ। ਐਨੇ ਪੈਸੇ ਕਿਥੋਂ ਆਉਣਗੇ? ਹੁਣ ਘਰ ਦੇ ਖਰਚੇ ਕਿਵੇਂ ਪੂਰੇ ਹੋਣਗੇ?

ਇਹ ਸੁਣ ਕੇ ਬਲਤੇਜ ਨੇ ਇਕ ਲੰਮੀ ਸਾਹ ਲਈ ਅਤੇ ਬੋਲਿਆ– 'ਚੰਗਾ!' ਫਿਰ ਉਹਨੂੰ ਹੌਸਲਾ ਦੇ ਕੇ ਆਪਣੇ ਘਰ ਆ ਗਿਆ।

ਬਲਤੇਜ ਦੇ ਵੀ ਦਸਵੀ ਜਮਾਤ ਵਿੱਚ ਚੰਗੇ ਨੰਬਰ ਆਏ ਸਨ।

ਸ਼ਾਮ ਨੂੰ ਜਦ ਸਾਰਾ ਪਰਿਵਾਰ ਖਾਣਾ ਖਾ ਚੁੱਕਾ ਤਾਂ ਬਲਤੇਜ ਆਪਣੇ ਪਿਤਾ ਜੀ ਨੂੰ ਬੋਲਿਆ– ਪਾਪਾ, ਆਪ ਦੇ ਬੇਟੇ ਨੇ ਅੱਸੀ ਪ੍ਰਤੀਸ਼ਤ ਨੰਬਰ ਪ੍ਰਾਪਤ ਕੀਤੇ ਹਨ। ਇਸ ਲਈ ਆਪ ਮੈਨੂੰ ਕੋਈ ਗਿਫਟ ਨਹੀਂ ਦਿਉਗੇ?

– ਜ਼ਰੂਰ ਮਿਲੇਗਾ ਬੇਟਾ, ਬੋਲੋ ਕੀ ਚਾਹੀਦਾ ਹੈ?

ਮੌਕਾ ਸੰਭਾਲਦਾ ਹੋਇਆ ਬਲਤੇਜ ਬੋਲਿਆ– ਮੈਨੂੰ ਦਸ ਹਜ਼ਾਰ ਰੁਪਏ ਚਾਹੀਦੇ ਹਨ।

– ਦਸ ਹਜ਼ਾਰ? ਲੇਕਿਨ ਕਿਸ ਲਈ? – ਪਾਪਾ ਨੇ ਪੁੱਛਿਆ।



ਇਸ ਵਾਰ ਪਾਪਾ ਦੀ ਗੱਲ ਦਾ ਜਵਾਬ ਦੇਣ ਦੀ ਬਜਾਏ ਬਲੇਤਜ ਨੇ ਇਕ ਹੋਰ ਸਵਾਲ ਕਰ ਦਿਤਾ– ਅੱਛਾ ਪਾਪਾ, ਪਹਿਲਾਂ ਇਹ ਦੱਸੋ ਕਿ ਮੇਰਾ ਸਭ ਤੋਂ ਗਹਿਰਾ ਮਿੱਤਰ ਕੌਣ ਹੈ?

ਪਾਪਾ ਨੇ ਕੁਝ ਸੋਚਣ ਦੇ ਬਾਦ ਕਿਹਾ – ਬਾਬੀ।

ਬਲਤੇਜ ਇਕਦਮ ਬੋਲਿਆ– ਪਾਪਾ ਠੀਕ ਕਿਹਾ ਆਪ ਨੇ।

– ਆਪ ਨੂੰ ਇਕ ਹੋਰ ਗੱਲ ਵੀ ਪਤਾ ਹੈ?– ਬਲਤੇਜ ਨੇ ਫਿਰ ਪੁੱਛਿਆ।

– ਪਾਪਾ ਨੇ ਅਣਜਾਣ ਬਣੇ ਹੋਏ ਕਿਹਾ– ਨਹੀਂ ਤਾਂ।

– ਉਹ ਇਹ ਕਿ ਬਾਬੀ ਪੂਰੇ ਜ਼ਿਲੇ ਵਿੱਚ ਦੂਸਰੇ ਸਥਾਨ ਤੇ ਆਇਆ ਹੈ ਲੇਕਿਨ ਦੁੱਖ ਦੀ ਗੱਲ ਇਹ ਹੈ ਕਿ ਹੁਣ ਘਰ ਦਾ ਖਰਚ ਚਲਾਉਣ ਲਈ ਬਾਬੀ ਨੂੰ ਸਕੂਲ ਛੱਡਣਾ ਪੈ ਰਿਹਾ ਹੈ ਕਿਉਂਕਿ ਸਕੂਲ ਦੀ ਫੀਸ, ਕਾਪੀਆਂ, ਕਿਤਾਬਾਂ ਅਤੇ ਯੂਨੀਫਾਰਮ ਖਰੀਦਣ ਲਈ ਉਸ ਦੇ ਕੋਲ ਪੈਸੇ ਨਹੀਂ ਹਨ। ਮੈਂ ਨਹੀਂ ਚਾਹੁੰਦਾ ਕਿ ਗਰੀਬੀ ਮੇਰੇ ਦੋਸਤ ਦਾ ਭਵਿੱਖ ਬਰਬਾਦ ਕਰਕੇ ਰੱਖ ਦੇਵੇ।

ਇਹ ਸੁਣਦੇ ਹੀ ਬਲਤੇਜ਼ ਦੇ ਪਾਪਾ ਇਕਦਮ ਬੋਲੇ – ਮੈਂ ਤੇਰੀ ਪਹੇਲੀ ਸਮਝ ਗਿਆ ਹਾਂ। ਇਹ ਦਸ ਹਜ਼ਾਰ ਰੁਪਏ ਤੂੰ ਬਾਬੀ ਦੇ ਘਰਵਾਲਿਆਂ ਨੂੰ ਦੇਣਾ ਚਾਹੁੰਦਾ ਹੈ?

ਬਲਤੇਜ ਨੇ ਕਿਹਾ – ਨਹੀਂ ਪਾਪਾ, ਉਸਦੇ ਘਰਵਾਲਿਆਂ ਨੂੰ ਨਹੀਂ, ਕੇਵਲ ਬਾਬੀ ਨੂੰ। ਮੈਂ ਚਾਹੁੰਦਾ ਹਾਂ ਕਿ ਅਸੀਂ ਬਾਬੀ ਦੇ ਦਸ ਹਜ਼ਾਰ ਰੁਪਏ ਆਪਣੇ ਵੱਲੋਂ ਸਕੂਲ ਵਿੱਚ ਐਡਵਾਂਸ ਜਮਾ ਕਰਵਾ ਦਈਏ। ਇਹਨਾਂ ਪੈਸਿਆਂ ਨਾਲ ਉਸਦੇ ਸਾਰੇ ਸਾਲ ਦੀ ਫੀਸ ਦਾ ਭੁਗਤਾਨ ਵੀ ਹੁੰਦਾ ਰਹੇਗਾ। ਉਸ ਦੀਆਂ ਕਾਪੀਆਂ-ਕਿਤਾਬਾਂ ਵੀ ਆ ਜਾਣਗੀਆਂ ਅਤੇ ਯੂਨੀਫਾਰਮ ਦਾ ਪ੍ਰਬੰਧ ਵੀ ਸਕੂਲ ਤੋਂ ਹੋ ਜਾਏਗਾ।

ਪਾਪਾ ਸਹਿਮਤ ਹੋ ਗਏ।

– ਪਾਪਾ, ਮੇਰੀ ਇਕ ਸ਼ਰਤ ਹੋਰ ਹੈ। – ਬਲਤੇਜ ਨੇ ਕਿਹਾ।

ਹੁਣ ਕੁਝ ਹੋਰ ਹੈਰਾਨੀ ਅਤੇ ਉਤਸੁਕਤਾ ਨਾਲ ਪਾਪਾ ਨੇ ਪੁੱਛਿਆ – ਹੋਰ ਕਿਹੜੀ ਸ਼ਰਤ ਹੈ ਉਹ ਵੀ ਦੱਸ ਦੇ।

ਉਹ ਇਹ ਕਿ ਜਦ ਆਪ ਪ੍ਰਿੰਸੀਪਲ ਸਾਹਿਬ ਨੂੰ ਬਾਬੀ ਲਈ ਰੁਪਏ ਜਮਾ ਕਰਵਾਉਗੇ ਤਾਂ ਪ੍ਰਿੰਸੀਪਲ ਸਾਹਿਬ ਨੂੰ ਇਹ ਜ਼ਰੂਰ ਬੋਲ ਦੇਣਾ ਕਿ ਇਹ ਗੱਲ ਬਾਬੀ ਨੂੰ ਪਤਾ ਨਹੀਂ ਚੱਲਣੀ ਚਾਹੀਦੀ ਕਿ ਉਸ ਦੇ ਲਈ ਪੈਸੇ ਕੌਣ ਜਮਾ ਕਰਵਾ ਗਿਆ ਹੈ।

ਪਾਪਾ ਬੋਲੇ – ਠੀਕ ਹੈ।

ਅਗਲੇ ਦਿਨ ਪਾਪਾ ਜਾ ਕੇ ਬਾਬੀ ਲਈ ਪੂਰੇ ਸਾਲ ਦੀ ਫੀਸ, ਕਾਪੀਆਂ-ਕਿਤਾਬਾਂ ਅਤੇ ਯੂਨੀਫਾਰਮ ਦੇ ਪੈਸੇ ਐਡਵਾਂਸ ਜਮਾ ਕਰਵਾ ਆਏ।

ਪ੍ਰਿੰਸੀਪਲ ਸਾਹਿਬ ਨੇ ਬਾਬੀ ਨੂੰ ਦੂਸਰੀ ਵਾਰ ਸੰਦੇਸ਼ ਭਿਜਵਾਇਆ।

ਜਦ ਬਾਬੀ, ਸਕੂਲ ਵਿੱਚ ਪਹੁੰਚਿਆ ਤਾਂ ਪ੍ਰਿੰਸੀਪਲ ਸਾਹਿਬ ਨੇ ਉਹਨੂੰ ਮੈਰਿਟ ਵਿੱਚ ਆਉਣ ਦੀ ਵਧਾਈ ਦਿੱਤੀ, ਉਸਦਾ ਮੂੰਹ ਮਿੱਠਾ ਕਰਵਾਇਆ ਅਤੇ ਕਿਹਾ ਕਿ ਉਹਨੂੰ ਪੜਾਈ ਦਾ ਖਰਚਾ ਨਹੀਂ ਦੇਣਾ ਪਏਗਾ। ਕੋਈ ਨੇਕਦਿਲ ਵਿਅਕਤੀ ਆਪਣੇ ਵੱਲੋਂ ਉਸਦੀ ਫੀਸ ਭਰਵਾ ਗਿਆ ਹੈ।

ਜਦ ਸਕੂਲ ਵਿੱਚ ਬਾਬੀ ਬਲਤੇਜ ਨੂੰ ਮਿਲਿਆ ਤਾਂ ਬਲਤੇਜ ਉਹਨੂੰ ਬਿਲਕੁਲ ਅਣਜਾਣ ਜਿਹਾ ਬਣ ਕੇ ਮਿਲਿਆ। ਲੇਕਿਨ ਬਾਬੀ ਨੇ ਬਲਤੇਜ ਦਾ ਹੱਥ ਫੜ ਲਿਆ ਅਤੇ ਬੋਲਿਆ– ਬਲਤੇਜ , ਮੈਂ ਸਭ ਜਾਣ ਗਿਆ ਹਾਂ। ਤੇਰਾ ਕਰਜਾ ਕਿਵੇਂ ਉਤਾਰਾਂਗਾ? – ਇਹ ਕਹਿੰਦੇ ਹੋਏ ਬਾਬੀ ਦੀਆਂ ਅੱਖਾਂ ਵਿਚੋਂ ਹੰਝੂ ਟਪਕ ਪਏ।

❑ ਕੇ.ਪੀ. ਸਿੰਘ



# ਦੀਮਕ

## ਲੱਕੜੀ ਅਤੇ ਮਿੱਟੀ ਵਿੱਚ ਬਣਾਉਂਦੇ ਹਨ ਆਪਣਾ ਘਰ

**ਦੀਮਕਾਂ** ਦੇ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹ 2,30, 000,000 ਸਾਲ ਪਹਿਲਾਂ ਤੋਂ ਪ੍ਰਿਥਵੀ ਉਤੇ ਮੌਜੂਦ ਹਨ। ਇਹਨਾਂ ਦਾ ਸਮਾਜ ਦੂਜੇ ਕੀਟ ਸਮਾਜ ਤੋਂ ਜ਼ਿਆਦਾ ਪੁਰਾਣਾ ਹੈ। ਇਹਨਾਂ ਦੀਆਂ ਲਗਭਗ 1,900 ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ। ਇਹ ਮਿੱਟੀ ਅਤੇ ਲੱਕੜੀ ਵਿੱਚ ਆਪਣਾ ਘਰ ਬਣਾਉਂਦੇ ਹਨ। ਦੀਮਕਾਂ ਦੀ ਉਮਰ 70 ਸਾਲ ਤਕ ਹੋ ਸਕਦੀ ਹੈ।

**ਪਰਿਵਾਰ ਦੀ ਤਰ੍ਹਾਂ ਮਿਲ ਕੇ ਰਹਿੰਦੇ ਹਨ :-** ਇਹਨਾਂ ਦਾ ਸਰੀਰ ਮੁਲਾਇਮ ਹੁੰਦਾ ਹੈ। ਇਹ ਸਮਾਜਿਕ ਜੀਵ ਹਨ ਅਤੇ ਸਮੂਹ ਵਿੱਚ ਰਹਿੰਦੇ ਹਨ। ਇਹ ਪ੍ਰਜਨਕ, ਕਿਰਤੀ ਅਤੇ ਸੈਨਿਕਾਂ ਵਿੱਚ ਵੰਡੇ ਹੁੰਦੇ ਹਨ। ਪ੍ਰੁਜਨਿਕਾਂ ਵਿੱਚ ਅੱਧੇ ਨਰ ਅਤੇ ਅੱਧੀਆਂ ਮਾਦਾ ਹੁੰਦੀਆਂ ਹਨ। ਕੇਵਲ ਪ੍ਰਜਨਕਾਂ ਵਿੱਚ ਜਨਨ ਅੰਗ ਵਿਕਸਿਤ ਹੁੰਦੇ ਹਨ। ਕਿਰਤੀ ਅਤੇ ਸੈਨਿਕਾਂ ਵਿੱਚ ਪ੍ਰਜਨਨ ਅੰਗ ਨਹੀਂ ਹੁੰਦੇ।

**ਸੰਤੁਲਿਤ ਹੁੰਦੀ ਹੈ ਇਹਨਾਂ ਦੀ ਗਿਣਤੀ :-** ਦੀਮਕਾਂ ਦੀ ਜ਼ਿਆਦਾ ਵੱਡੀ ਕਲੋਨੀ ਵਿੱਚ ਕਿਰਤੀ ਜ਼ਿਆਦਾ ਹੁੰਦੇ ਹਨ, ਉਹ ਅੰਨੇ ਅਤੇ ਕੋਮਲ ਸਰੀਰ ਵਾਲੇ ਕੀਟ ਹੁੰਦੇ ਹਨ। ਸੈਨਿਕ ਵੀ ਅੰਨੇ ਹੁੰਦੇ ਹਨ ਅਤੇ ਉਹ ਆਪਣੇ ਘਰ ਦੀ ਰੱਖਿਆ ਕਰਦੇ ਹਨ। ਜਨਮ ਤੋਂ ਥੋੜਾ ਸਮਾਂ ਬਾਅਦ ਵਿੱਚ ਇਹ ਪ੍ਰਜਨਕ, ਕਿਰਤੀ ਜਾਂ ਸੈਨਿਕ ਬਣ ਜਾਂਦੇ ਹਨ। ਇਹਨਾਂ ਤਿੰਨਾਂ ਦੀ ਗਿਣਤੀ ਨਿਸ਼ਚਿਤ ਅਤੇ ਸੰਤੁਲਿਤ ਹੁੰਦੀ ਹੈ। ਜੇਕਰ ਕਿਸੇ ਸਮੂਹ ਦੀ ਗਿਣਤੀ ਵੱਧ ਜਾਂਦੀ ਹੈ ਤਾਂ ਇਹ ਇਕ ਦੂਜੇ ਨੂੰ ਹੀ ਖਾ ਕੇ ਸੰਤੁਲਿਨ ਸਥਾਪਿਤ ਕਰ ਲੈਂਦੇ ਹਨ।



**ਬਹੁਤ ਹੀ ਸੁਰੱਖਿਅਤ ਹੁੰਦੀ ਹੈ ਇਹਨਾਂ ਦੀ ਕਲੋਨੀ :-** ਦੀਮਕ ਆਪਣੀ ਨਵੀਂ ਕਲੋਨੀ ਬਣਾਉਣ ਦਾ ਕੰਮ ਪ੍ਰਜਨਕਾਂ ਨੂੰ ਦਿੰਦੇ ਹਨ। ਪੰਖਦਾਰ ਪ੍ਰਜਨਕ ਕਈ ਹਫ਼ਤੇ ਤਕ ਆਪਣੀ ਕਲੋਨੀ ਦੇ ਕਿਨਾਰੇ ਦੀਆਂ ਵਿਸ਼ੇਸ਼ ਕੋਠਰੀਆਂ ਵਿੱਚ ਇੱਕਠੇ ਹੁੰਦੇ ਰਹਿੰਦੇ ਹਨ। ਕਲੋਨੀ ਤੋਂ ਬਾਹਰ ਨਿਕਲ ਕੇ ਪੰਖਦਾਰ ਪ੍ਰਜਨਕ ਉਡੱਣ ਲੱਗਦੇ ਹਨ, ਉਹਨਾਂ ਦਾ ਉਡੱਣਾ ਜ਼ਿਆਦਾ ਨਮੀ, ਤਾਪ ਅਤੇ ਮੌਸਮ ਤੋਂ ਪ੍ਰਭਾਵਿਤ ਹੁੰਦਾ ਹੈ। ਕੁਝ ਪ੍ਰਜਾਤੀ ਦੇ ਪ੍ਰਜਨਕ ਸਾਲ ਵਿੱਚ ਕੇਵਲ ਇਕ ਹੀ ਵਾਰ ਉਡੱਦੇ ਹਨ, ਪਰ ਕੁਝ ਕਈ ਵਾਰ ਉਡੱ ਕੇ ਬਾਹਰ ਆਉਂਦੇ ਹਨ। ਪੰਖਦਾਰ ਪ੍ਰਜਨਕਾਂ ਦੀ ਉੜਾਨ ਤੋਂ ਬਾਅਦ ਸੈਨਿਕ ਸੁਰੱਖਿਆ ਦੇ ਲਈ ਤੈਨਾਤ ਰਹਿੰਦੇ ਹਨ। ਪੰਖਦਾਰ ਪ੍ਰਜਨਕ ਕਮਜ਼ੋਰ ਲੜਾਕੂ ਹੁੰਦੇ ਹਨ। ਉੜਾਨ ਤੋਂ ਬਾਅਦ ਇਹਨਾਂ ਦੀ ਪ੍ਰਜਨਕ ਕਿਰਿਆ ਹੁੰਦੀ ਹੈ, ਕਈ ਵਾਰ ਉੜਾਨ ਭਰਨ ਵਾਲੇ ਪ੍ਰਜਨਕ ਲਗਭਗ ਇਕੱਠੇ ਬਾਹਰ ਆ ਕੇ ਜੋੜਾ ਬਣਾਉਂਦੇ ਹਨ। ਇਸ ਤਰ੍ਹਾਂ ਜੋੜਾ ਬਣਾਉਣ ਦਾ ਫਾਇਦਾ ਹੁੰਦਾ ਹੈ। ਇਸ ਨਾਲ ਦੂਜੀ ਕਲੋਨੀ ਵਿੱਚ ਕਿਰਿਆ ਹੁੰਦੀ ਹੈ ਅਤੇ ਨਵੀਂ ਕਲੋਨੀ ਵਿੱਚ ਪ੍ਰਜਨਨ ਕਿਰਿਆ ਹੁੰਦੀ ਹੈ ਅਤੇ ਨਵੀਂ ਕਲੋਨੀ ਦਾ ਨਿਰਮਾਣ ਹੁੰਦਾ ਹੈ।

**ਪ੍ਰਮੁੱਖ ਭੋਜਨ :-** ਸੇਲਾਯੂਲੋਜ ਦੇ ਇਲਾਵਾ ਦੀਮਕ ਨੂੰ ਭੋਜਨ ਵਿੱਚ ਵਿਟਾਮਿਨ ਅਤੇ ਨਾਈਟ੍ਰੋਜਨ ਭਰਪੂਰ ਚਾਹੀਦੇ ਹਨ। ਸੜੇ ਹੋਏ ਲੱਕੜੀ ਦੇ ਟੁੱਕੜਿਆਂ ਵਿੱਚ ਇਹਨਾਂ ਦੀ ਮੌਜੂਦਗੀ ਕਾਰਣ ਇਸ ਤਰ੍ਹਾਂ ਲੱਕੜੀ ਹੀ ਦੀਮਕ ਦਾ ਭੋਜਨ ਬਣਦੀ ਹੈ। ਦੁਸ਼ਮਣਾ ਤੋਂ ਚੌਕੰਨਾ ਹੋਣ ਅਤੇ ਭੋਜਨ ਕਿਸ ਢੰਗ ਨਾਲ ਮਿਲਦਾ ਹੈ, ਇਸ ਦੀ ਸੂਚਨਾ ਸਰੀਰਕ ਸੰਪਰਕ ਨਾਲ ਮਿਲ ਜਾਂਦੀ ਹੈ।

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

ਪ੍ਰਸ਼ਨ :- ਤਾਰੇ ਵੱਖ-ਵੱਖ ਰੰਗਾਂ ਦੇ ਕਿਉਂ ਦਿਖਾਈ ਦਿੰਦੇ ਹਨ?

ਉੱਤਰ :- ਰਾਤ ਦੇ ਸਮੇਂ ਦਿਖਾਈ ਦੇਣ ਵਾਲੇ ਤਾਰੇ ਤਾਪਮਾਨ ਦੇ ਕਾਰਣ ਵੱਖ-ਵੱਖ ਰੰਗਾਂ ਦੇ ਦਿਖਾਈ ਦਿੰਦੇ ਹਨ। ਉਹਨਾਂ ਦੇ ਰੰਗ ਉਹਨਾਂ ਦੇ ਤਾਪਮਾਨ ਨੂੰ ਦੱਸਦੇ ਹਨ। ਜੋ ਤਾਰੇ ਲਾਲ ਰੰਗ ਦੇ ਦਿਖਾਈ ਦਿੰਦੇ ਹਨ ਉਹਨਾਂ ਦਾ ਤਾਪਮਾਨ ਘੱਟ ਹੁੰਦਾ ਹੈ। ਜ਼ਿਆਦਾ ਤਾਪਮਾਨ ਵਾਲੇ ਤਾਰੇ ਸਫੇਦ ਰੰਗ ਦੇ ਦਿੱਸਦੇ ਹਨ। ਜੋ ਤਾਰੇ ਨੀਲੇ ਰੰਗ ਦੇ ਦਿਸਦੇ ਹਨ ਉਹਨਾਂ ਦਾ ਤਾਪਮਾਨ ਬਹੁਤ ਜ਼ਿਆਦਾ ਹੁੰਦਾ ਹੈ।

ਪ੍ਰਸ਼ਨ :- ਚਮਕੀਲੀ ਵਸਤੂਆਂ ਹਵਾ ਵਿੱਚ ਪਏ-ਪਏ ਧੁੰਦਲੀਆਂ ਕਿਉਂ ਪੈ ਜਾਂਦੀਆਂ ਹਨ?

ਉੱਤਰ :- ਹਵਾ ਵਿੱਚ ਕਈ ਗੈਸਾਂ ਦਾ ਮਿਸ਼ਰਣ ਹੈ। ਇਸ ਵਿੱਚ ਆਕਸੀਜਨ, ਨਮੀ, ਕਾਰਬਨ ਡਾਈਆਕਸਾਈਡ ਅਤੇ ਹਾਈਡ੍ਰੋਜਨ ਸਲਫਾਈਡ ਗੈਸਾਂ ਵੀ ਮਿਲੀਆਂ ਰਹਿੰਦੀਆਂ ਹਨ। ਹਵਾ ਵਿੱਚ ਪਈਆਂ-ਪਈਆਂ ਧਾਤੂਆਂ ਦੀ ਉਪਰੀ ਤਹਿ ਦੇ ਨਾਲ ਮਿਲ ਕੇ ਇਹ ਗੈਸਾਂ ਆਕਸਾਈਡ ਸਲਫਾਈਡ ਆਦਿ ਦੀ ਤਹਿ ਬਣਾ ਦਿੰਦੀਆਂ ਹਨ। ਇਸੀ ਕਾਰਣ ਧਾਤੂਆਂ ਦੀ ਚਮਕ ਮੰਦੀ ਪੈ ਜਾਂਦੀ ਹੈ ਅਤੇ ਉਹ ਧੁੰਧਲੀਆਂ ਅਤੇ ਮੈਲੀਆਂ ਜਿਹੀਆਂ ਦਿਖਾਈ ਦੇਣ ਲੱਗਦੀਆਂ ਹਨ।

ਪ੍ਰਸ਼ਨ :- ਕੱਚ ਕਿਵੇਂ ਬਣਦਾ ਹੈ?

ਉੱਤਰ :- ਕੱਚ ਦੇ ਨਿਰਮਾਣ ਵਿੱਚ ਸਿਲਿਕਾ, ਸੋਡਾ, ਰਾਖ ਅਤੇ ਚੂਨੇ ਦਾ ਪੱਥਰ ਪ੍ਰਯੋਗ ਕੀਤੇ ਜਾਂਦੇ ਹਨ। ਇਹਨਾਂ ਪਦਾਰਥਾਂ ਨੂੰ ਮਿਲਾ ਕੇ ਭੱਠੀ ਵਿੱਚ 1400 ਸੈਲਸੀਅਸ ਤੱਕ ਗਰਮ ਕੀਤਾ ਜਾਂਦਾ ਹੈ। ਇਹਨਾਂ ਦਾ ਮਿਸ਼ਰਣ ਜਦ ਗਲ ਜਾਵੇ ਤਾਂ ਸਿਲੀਕੇਟ ਦਾ ਮਿਸ਼ਰਣ ਪ੍ਰਾਪਤ ਹੁੰਦਾ ਹੈ। ਕਾਰਬਨਡਾਈ ਆਕਸਾਈਡ ਮੁਕਤ ਹੋਣ ਤੱਕ ਇਸ ਨੂੰ ਗਰਮ ਕੀਤਾ ਜਾਂਦਾ ਹੈ। ਫਿਰ ਇਸ ਤਰਲ ਮਿਸ਼ਰਣ ਨੂੰ ਹੌਲੀ-ਹੌਲੀ ਠੰਡਾ ਕਰਕੇ ਕੱਚ ਬਣਾਇਆ ਜਾਂਦਾ ਹੈ।

ਪ੍ਰਸ਼ਨ :- ਮੱਛੀਆਂ ਪਾਣੀ ਵਿੱਚ ਕਿਵੇਂ ਜ਼ਿੰਦਾ ਰਹਿੰਦੀਆਂ ਹਨ?

ਉੱਤਰ :- ਆਮ ਤੌਰ ਤੇ ਜੀਵਧਾਰੀਆਂ ਨੂੰ ਜ਼ਿੰਦਾ ਰਹਿਣ ਲਈ ਆਕਸੀਜਨ ਗੈਸ ਦੀ ਲੋੜ ਪੈਂਦੀ ਹੈ। ਮੱਛੀਆਂ ਨੂੰ ਵੀ ਸਾਹ ਲੈਣ ਲਈ ਆਕਸੀਜਨ ਚਾਹੀਦੀ ਹੈ। ਆਕਸੀਜਨ ਪਾਣੀ ਵਿੱਚ ਘੁਲਣਸ਼ੀਲ ਹੈ। ਜਦ ਮੱਛੀਆਂ ਪਾਣੀ ਨੂੰ ਮੂੰਹ ਵਿੱਚ ਲੈਂਦੀਆਂ ਹਨ ਤਾਂ ਪਾਣੀ ਗਲਫੜਿਆਂ ਦੇ ਉਪਰ ਤੋਂ ਗੁਜ਼ਰਦਾ ਹੈ। ਗਲਫੜਿਆਂ ਦੁਆਰਾ ਪਾਣੀ ਦੀ ਆਕਸੀਜਨ ਗ੍ਰਹਿਣ ਕਰ ਲਈ ਜਾਂਦੀ ਹੈ ਜੋ ਕੋਸ਼ਿਕਾਵਾਂ ਵਿੱਚ ਪ੍ਰਵੇਸ਼ ਕਰਦੀ ਹੈ। ਇਸ ਤੋਂ ਬਾਅਦ ਇਹ ਪੂਰੇ ਸਰੀਰ ਵਿੱਚ ਪਹੁੰਚ ਜਾਂਦੀ ਹੈ। ਇਸ ਤਰ੍ਹਾਂ ਮੱਛੀਆਂ ਪਾਣੀ ਵਿੱਚ ਜ਼ਿੰਦਾ ਰਹਿੰਦੀਆਂ ਹਨ। ❑

❑ ਅਸ਼ੋਕ ਨਿਰੰਕਾਰੀ

# ਚਾਰ ਮਿੰਨੀ ਕਵਿਤਾਵਾਂ



## ਚਿੜੀ

ਰੰਗ ਬਿਰੰਗੀ ਪਿਆਰੀ-ਪਿਆਰੀ,
ਚਿੜੀ ਹੈ ਉਡਦੀ ਅਤੇ ਟਹਿਕਦੀ।
ਨੀਲੀ-ਪੀਲੀ ਚੁੰਝ ਹਿਲਾ ਕੇ,
ਹੈ ਅੱਖਾਂ ਬੰਦ ਕਰਕੇ ਮਟਕਦੀ।




## ਜੁਗਨੂੰ

ਧਰਤੀ ਦੇ ਹਨ ਤਾਰੇ ਜੁਗਨੂੰ,
ਹੈ ਨਾ ਕਿੰਨੇ ਪਿਆਰੇ ਜੁਗਨੂੰ,
ਇਹਨਾਂ ਨੂੰ
ਹੱਥਾਂ ਵਿਚ ਲੈ ਲਓ,
ਆਪਣੇ ਬਣ ਗਏ ਸਾਰੇ ਜੁਗਨੂੰ।



## ਝਰਨਾ

ਝਰ-ਝਰ-ਝਰ-ਝਰ ਗਾਉਂਦਾ ਝਰਨਾ,
ਬੜੀ ਦੂਰ ਤੋਂ ਆਉਂਦਾ ਝਰਨਾ।
ਹੱਸੇ ਹਸਾਏ ਵੇਖੋ ਕਿਵੇਂ,
ਕਲਾਬਾਜੀਆਂ ਖਾਂਦਾ ਝਰਨਾ।





## ਤਿਤਲੀ

ਫੁੱਲਾਂ ਦੀ ਇਹ ਹੈ ਸਹੇਲੀ
ਡਾਲ-ਡਾਲ ਤੇ ਫਿਰਦੀ ਖੇਲੀ
ਜੋੜੇ ਪੰਖ ਨਮਸਤੇ ਵਿਚ
ਭੌਰੇ ਦੀ ਇਹ ਪੱਕੀ ਚੇਲੀ
ਸਾੜੀ ਪਹਿਨੀ ਹੈ ਸਤਰੰਗੀ
ਬੂਟੇ ਵਾਲੀ ਰੰਗ-ਬਿਰੰਗੀ।
ਫੁੱਲਾਂ ਉਤੇ ਮਸਤੀਆਂ ਕਰਦੀ
ਹਰ ਇਕ ਨੂੰ
ਲਗਦੀ ਹੈ ਚੰਗੀ।

❑ ਅਮਨਪ੍ਰੀਤ

# ਮੀਕੂ ਖਰਗੋਸ਼ ਦੀ ਤੀਖਣ ਬੁੱਧੀ

ਚੰਪਕਵਨ ਜੰਗਲ ਵਿੱਚ ਰਾਜਾ ਸ਼ੇਰ ਸਿੰਘ ਦਾ ਰਾਜ ਸੀ। ਸ਼ੇਰ ਸਿੰਘ ਆਪਣੀ ਪ੍ਰਜਾ ਦਾ ਬਹੁਤ ਧਿਆਨ ਰੱਖਦਾ ਸੀ। ਜਦ ਕੋਈ ਮੁਸੀਬਤ ਵਿੱਚ ਫਸ ਜਾਂਦਾ ਸੀ ਤਾਂ ਸ਼ੇਰ ਸਿੰਘ ਬੇਝਿਜਕ ਸਭ ਦੀ ਮਦਦ ਕਰਦਾ ਸੀ। ਉਸ ਜੰਗਲ ਵਿੱਚ ਇੱਕ ਮੀਕੂ ਨਾਂ ਦਾ ਖਰਗੋਸ਼ ਵੀ ਰਹਿੰਦਾ ਸੀ। ਜੋ ਕਿ ਬਹੁਤ ਬੁੱਧੀਮਾਨ ਸੀ। ਸ਼ੇਰ ਸਿੰਘ ਦੇ ਕੰਮਾਂ ਵਿੱਚ ਆਪਣੀ ਤੀਖਣ ਬੁੱਧੀ ਦਾ ਉਪਯੋਗ ਕਰਕੇ ਉਹਨਾਂ ਨੂੰ ਹੱਲ ਕਰਦਾ ਸੀ। ਮੀਕੂ ਖਰਗੋਸ਼ ਵੀ ਬਹੁਤ ਹਰਮਨ ਪਿਆਰਾ ਸੀ। ਇਸ ਲਈ ਸਭ ਜੰਗਲਵਾਸੀ ਬਹੁਤ ਖੁਸ਼ ਸਨ। ਸ਼ੇਰ ਸਿੰਘ ਨੇ ਜੰਗਲਵਾਸੀਆਂ ਨੂੰ ਕਈ ਵਾਰ ਬਾਹਰੀ ਹਮਲਿਆਂ ਤੋਂ ਬਚਾਇਆ ਸੀ। ਇਸ ਲਈ ਜੰਗਲਵਾਸੀ ਸ਼ੇਰ ਸਿੰਘ ਨੂੰ ਵਧੀਆ ਰਾਜਾ ਮੰਨਦੇ ਸਨ ਅਤੇ ਉਸਦੀ ਹਰ ਗੱਲ ਨੂੰ ਮੰਨਦੇ ਸਨ। ਸ਼ੇਰ ਨੂੰ ਕਈ ਵਾਰ ਗੁੱਸਾ ਆ ਜਾਂਦਾ ਸੀ। ਜਿਸ ਕਾਰਨ ਜਾਨਵਰ ਉਸ ਤੋਂ ਦੂਰ ਹੀ ਰਹਿੰਦੇ ਸਨ।

ਇੱਕ ਵਾਰ ਸ਼ੇਰ ਸਿੰਘ ਨਾਲ ਅਣਹੋਣੀ ਘਟਨਾ ਵਾਪਰੀ। ਉਸਨੂੰ ਖੁਦ ਨੂੰ ਸਹਾਇਤਾ ਦੀ ਲੋੜ ਪੈ ਗਈ। ਸ਼ੇਰ ਸਿੰਘ ਦਾ ਇੱਕ ਦੰਦ ਦਰਦ ਕਰਨ ਲੱਗ ਪਿਆ। ਦੰਦ ਹਿੱਲ ਰਿਹਾ ਸੀ ਜਿਸ ਕਾਰਨ ਸ਼ੇਰ ਸਿੰਘ ਦਰਦ ਨੂੰ ਸਹਿ ਨਾ ਪਾਇਆ। ਸ਼ੇਰ ਸਿੰਘ ਇੱਧਰ-ਉੱਧਰ ਭੱਜ ਰਿਹਾ ਸੀ। ਉਸਨੂੰ ਇੱਦਾਂ ਲਗ ਰਿਹਾ ਸੀ ਜਿੱਦਾਂ ਕੋਈ ਹਜ਼ਾਰਾਂ ਕੰਡੇ ਉਸਦੇ ਸਰੀਰ ਵਿੱਚ ਚੁਭ ਰਹੇ ਹੋਣ। ਉਹ ਸੋਚ ਰਿਹਾ ਸੀ ਕਿ ਕਿੱਦਾਂ ਇਸ ਤੋਂ ਛੁਟਕਾਰਾ ਪਾਏ। ਉਹ ਪਾਗਲ ਹੋ ਗਿਆ ਸੀ ਕਿਉਂਕਿ ਦਰਦ ਘਟਣ ਦੀ ਬਜਾਏ ਵਧ ਰਿਹਾ ਸੀ। ਜਦ ਵੀ ਕੋਈ ਜਾਨਵਰ ਉਸਦੇ ਸਾਹਮਣੇ ਆਉਂਦਾ ਤਾਂ ਸ਼ੇਰ ਸਿੰਘ ਗੁੱਸੇ ਵਿੱਚ ਉਸਨੂੰ ਮਾਰਨ ਲਈ ਜਾਂਦਾ। ਸ਼ੇਰ ਸਿੰਘ ਲਗਾਤਾਰ ਇੱਕ ਦਰੱਖਤ ਦੇ ਤਣੇ ਉਤੇ ਆਪਣੇ ਪੰਜੇ ਮਾਰ ਰਿਹਾ ਸੀ ਜਿਸ ਕਾਰਨ ਉਸਦੇ ਪੰਜਿਆਂ ਵਿੱਚੋਂ ਖੂਨ ਵੀ ਵਗ ਰਿਹਾ ਸੀ। ਸ਼ੇਰ ਸਿੰਘ ਬਹੁਤ ਗੁੱਸੇ ਵਿੱਚ ਸੀ। ਕੋਈ ਵੀ ਜਾਨਵਰ ਉਸਦੀ ਸਹਾਇਤਾ ਲਈ ਅੱਗੇ ਨਹੀਂ ਵਧ ਰਿਹਾ ਸੀ। ਸ਼ੇਰ ਸਿੰਘ ਨਾਲ ਇਹ ਘਟਨਾ ਪਹਿਲੀ ਵਾਰ ਵਾਪਰੀ ਸੀ। ਸ਼ੇਰ ਸਿੰਘ ਨੇ ਦੰਦ ਕੱਢਣ ਦੀ ਕੋਸ਼ਿਸ਼ ਵੀ ਬਹੁਤ ਕੀਤੀ ਪਰ ਅਸਫਲ ਰਿਹਾ।

ਜਾਨਵਰਾਂ ਨੇ ਇਹ ਸਭ ਦੇਖ ਕੇ ਮੀਕੂ ਖਰਗੋਸ਼ ਨੂੰ ਬੁਲਾਇਆ। ਜਦ ਮੀਕੂ ਨੇ ਸ਼ੇਰ ਸਿੰਘ ਦੀ ਇਹ ਹਾਲਤ ਦੇਖੀ ਤਾਂ ਉਹ ਉਦਾਸ ਹੋਇਆ। ਉਸਨੇ ਕਿਹਾ ਕਿ ਜੇਕਰ ਸ਼ੇਰ ਸਿੰਘ ਜਲਦੀ ਠੀਕ ਨਾ ਹੋਇਆ ਤਾਂ ਜੰਗਲ ਲਈ ਖਤਰਾ ਪੈਦਾ ਹੋ ਸਕਦਾ ਹੈ। ਬਾਹਰੀ ਦੁਸ਼ਮਣ ਹਮਲਾ ਵੀ ਕਰ ਸਕਦੇ ਹਨ।





ਮੀਕੂ ਖਰਗੋਸ਼ ਨੇ ਜਾਨਵਰਾਂ ਨੂੰ ਦਿਲਾਸਾ ਦਿੱਤਾ ਕਿ ਉਹ ਸਭ ਕੁਝ ਠੀਕ ਕਰ ਦੇਵੇਗਾ। ਸਭ ਮੇਰੀ ਸਹਾਇਤਾ ਕਰਿਓ ਤਾਂ ਹੀ ਸ਼ੇਰ ਸਿੰਘ ਨੂੰ ਠੀਕ ਕੀਤਾ ਜਾ ਸਕਦਾ ਹੈ। ਜਾਨਵਰਾਂ ਨੇ ਮਿਲ ਕੇ ਕਿਹਾ ਕਿ ਅਸੀਂ ਤੇਰੇ ਨਾਲ ਤੇਰੀ ਮਦਦ ਕਰਾਂਗੇ।

ਮੀਕੂ ਖਰਗੋਸ਼ ਹਿੰਮਤ ਕਰਕੇ ਸ਼ੇਰ ਸਿੰਘ ਕੋਲ ਗਿਆ। ਸ਼ੇਰ ਸਿੰਘ ਦਹਾੜਿਆ। ਮੀਕੂ ਨੇ ਸ਼ੇਰ ਸਿੰਘ ਨੂੰ ਸ਼ਾਂਤ ਹੋਣ ਲਈ ਕਿਹਾ। ਮੀਕੂ ਨੇ ਸ਼ੇਰ ਸਿੰਘ ਨੂੰ ਅਜਿਹਾ ਕਰਨ ਦਾ ਕਾਰਨ ਪੁੱਛਿਆ ਕਿ ਆਪ ਇਸ ਤਰ੍ਹਾ ਕਿਉਂ ਕਰ ਰਹੇ ਹੋ। ਸ਼ੇਰ ਸਿੰਘ ਨੇ ਇਹ ਸੁਣ ਕੇ ਆਪਣਾ ਮੂੰਹ ਖੋਲਿਆ ਤਾਂ ਮੀਕੂ ਇਕਦਮ ਡਰਿਆ ਪਰ ਉਸਨੇ ਹਿੰਮਤ ਕਰਕੇ ਮੂੰਹ ਵੱਲ ਦੇਖਿਆ ਤਾਂ ਸ਼ੇਰ ਸਿੰਘ ਦਾ ਇਕ ਦੰਦ ਟੇਡਾ ਹੋਇਆ ਸੀ ਜੋ ਕਿ ਹਿੱਲ ਰਿਹਾ ਸੀ। ਮੀਕੂ ਸੋਚਣ ਲੱਗਾ ਕਿ ਜੇਕਰ ਦੰਦ ਨੂੰ ਹੱਥਾਂ ਨਾਲ ਕੱਢਣ ਦੀ ਕੋਸ਼ਿਸ਼ ਕੀਤੀ ਤਾਂ ਸ਼ੇਰ ਸਿੰਘ ਨੂੰ ਬਹੁਤ ਦਰਦ ਹੋਵੇਗਾ ਤੇ ਸਾਡੇ ਤੇ ਹਮਲਾ ਵੀ ਹੋ ਸਕਦਾ ਹੈ। ਸ਼ੇਰ ਸਿੰਘ ਦਾ ਦੰਦ ਕਾਫ਼ੀ ਵੱਡਾ ਸੀ। ਮੀਕੂ ਨੇ ਸ਼ੇਰ ਸਿੰਘ ਨੂੰ ਕਿਹਾ ਕਿ ਮੈਂ ਕੁਝ ਪਲਾਂ 'ਚ ਹੀ ਤੁਹਾਡਾ ਦਰਦ ਠੀਕ ਕਰ ਦੇਵਾਂਗਾਂ।

ਮੀਕੂ ਨੇ ਇੱਕ ਵੱਡੀ ਪਤਲੀ ਵੇਲ ਜਾਨਵਰਾਂ ਤੋਂ ਮੰਗਵਾਈ ਅਤੇ ਉਸਦੀ ਰੱਸੀ ਬਣਾ ਲਈ। ਮੀਕੂ ਖਰਗੋਸ਼ ਨੇ ਉਸ ਰੱਸੀ ਨੂੰ ਰਾਜਾ ਸ਼ੇਰ ਸਿੰਘ ਦੇ ਦੰਦ ਨਾਲ ਗੁੰਝਲ ਪਾ ਦਿੱਤੀ। ਮੀਕੂ ਨੇ ਸ਼ੇਰ ਸਿੰਘ ਨੂੰ ਕਿਹਾ ਕਿ ਮਹਾਰਾਜ ਮੂੰਹ ਖੁੱਲਾ ਰੱਖਿਓ ਅਤੇ ਅੱਖਾਂ ਵੀ ਬੰਦ ਕਰ ਲਓ। ਮੀਕੂ ਖਰਗੋਸ਼ ਨੇ ਥੋੜੇ ਜਾਨਵਰ ਬੁਲਾ ਲਏ ਅਤੇ ਉਹਨਾਂ ਨੂੰ ਕਿਹਾ ਕਿ ਜਦ ਮੈਂ ਦੋ ਤੱਕ ਗਿਣਤੀ ਗਿਣਾਗਾਂ। ਉਦੋਂ ਤੁਸੀਂ ਸਭ ਨੇ ਇੱਕ ਦਮ ਰੱਸੀ ਖਿੱਚਣੀ ਹੈ।

ਸਭ ਜਾਨਵਰ ਨੇ ਹਾਂ ਵਿੱਚ ਸਿਰ ਹਿਲਾਇਆ। ਫਿਰ ਮੀਕੂ ਨੇ ਗਿਣਤੀ ਗਿਣਨੀ ਸ਼ੁਰੂ ਕਰ ਦਿੱਤੀ ਅਤੇ ਦੋ ਕਹਿਣ ਤੇ ਸਭ ਨੇ ਰੱਸੀ ਖਿੱਚ ਲਈ। ਰੱਸੀ ਖਿੱਚਣ ਨਾਲ ਸ਼ੇਰ ਸਿੰਘ ਦਾ ਦੰਦ ਨਿਕਲ ਕੇ ਧਰਤੀ ਤੇ ਆ ਡਿੱਗਿਆ। ਸ਼ੇਰ ਸਿੰਘ ਨੇ ਦੰਦ ਨਿਕਲਣ ਤੋਂ ਬਾਅਦ ਬਹੁਤ ਰਾਹਤ ਮਹਿਸੂਸ ਕੀਤੀ। ਉਹ ਸ਼ਾਂਤ ਹੋ ਗਿਆ ਸੀ। ਸ਼ੇਰ ਸਿੰਘ ਨੇ ਮੀਕੂ ਦੀ ਬਹੁਤ ਤਾਰੀਫ਼ ਕੀਤੀ ਅਤੇ ਕਿਹਾ ਕਿ ਮੀਕੂ ਜੇ ਤੂੰ ਨਾ ਹੁੰਦਾ ਤਾਂ ਸ਼ਾਇਦ ਮੈਂ ਕਿੰਨੇ ਹੋਰ ਦਿਨ ਤਕਲੀਫ਼ ਵਿੱਚ ਰਹਿੰਦਾ। ਜਾਨਵਰਾਂ ਨੇ ਵੀ ਮੀਕੂ ਦੀ ਬਹੁਤ ਸਲਾਘਾ ਕੀਤੀ ਕਿ ਜੇਕਰ ਤੂੰ ਆਪਣੀ ਤੀਖਣ ਬੁੱਧੀ ਨਾਲ ਇਹ ਕੰਮ ਨਾ ਕਰਦਾ ਤਾਂ ਸ਼ਾਇਦ ਦੁਸ਼ਮਣ ਇਸ ਗੱਲ ਦਾ ਫਾਇਦਾ ਉਠਾ ਲੈਂਦੇ ਅਤੇ ਜੰਗਲ ਤੇ ਹਮਲਾ ਵੀ ਹੋ ਸਕਦਾ ਸੀ। ਮੀਕੂ ਨੇ ਅੰਤ ਵਿੱਚ ਕਿਹਾ ਕਿ ਮੈਂ ਇੱਥੋਂ ਦਾ ਨਿਵਾਸੀ ਹਾਂ ਇਸ ਲਈ ਸਭ ਦੀ ਸਹਾਇਤਾ ਕਰਨਾ ਮੇਰਾ ਫਰਜ਼ ਹੈ।



# ਮਕੜੀ

ਮਕੜੀਆਂ ਆਰਥੋਪੋਡਾ ਪਰਿਵਾਰ ਦੀਆਂ ਮੈਂਬਰ ਹਨ। ਵਿਸ਼ਵ ਵਿੱਚ ਇਹਨਾਂ ਦੀਆਂ ਕੋਈ ਪੰਜਾਹ ਹਜ਼ਾਰ ਤੋਂ ਵੱਧ ਪ੍ਰਜਾਤੀਆਂ ਹਨ। ਇਹ ਦੁਨੀਆਂ ਦੇ ਹਰ ਕੋਨੇ ਵਿੱਚ ਮਿਲਣ ਵਾਲਾ ਜੀਵ ਹੈ।

ਕੀ ਤੁਸੀਂ ਇਸ ਗੱਲ ਦੀ ਕਲਪਨਾ ਕਰ ਸਕਦੇ ਹੋ ਕਿ ਕੋਈ ਮਕੜੀ 28 ਸੈਂਟੀਮੀਟਰ ਲੰਮੀ ਅਤੇ 170 ਗ੍ਰਾਮ ਭਾਰੀ ਹੋ ਸਕਦੀ ਹੈ? ਜੀ ਹਾਂ, ਅਸੀਂ ਗੱਲ ਕਰ ਰਹੇ ਹਾਂ ਵਿਸ਼ਵ ਦੀ ਸਭ ਤੋਂ ਵੱਡੀ ਮਕੜੀ ਦੀ, ਜਿਸ ਦਾ ਨਾਂ ਥੇਰਾਫੋਸਾ ਬਲਾਨਡੀ ਹੈ। ਇਹ ਆਪਣੇ ਤੋਂ ਵੱਡੇ ਜੀਵ ਜਿਵੇਂ ਚੂਹੇ, ਛਿਪਕਲੀਆਂ, ਡੱਡੂ ਆਦਿ ਨੂੰ ਮਾਰ ਕੇ ਖਾ ਜਾਂਦੀ ਹੈ। ਜਿੱਥੋਂ ਤਕ ਸਭ ਤੋਂ ਛੋਟੀ ਮਕੜੀ ਦਾ ਪ੍ਰਸ਼ਨ ਹੈ, ਉਸਦਾ ਨਾਮ ਪਾਟੂ ਮਾਰਪਲੇਸੀ ਹੈ, ਜੋ ਕਿ ਪੱਛਮੀ ਇਲਾਕਿਆਂ ਵਿੱਚ ਮਿਲਦੀ ਹੈ। ਇਸਦਾ ਆਕਾਰ ਪੈਂਸਿਲ ਦੀ ਨੋਕ ਜਿੰਨਾ ਹੁੰਦਾ ਹੈ।

ਟਰੈਪਡੋਰ ਮਕੜੀਆਂ ਸਭ ਤੋਂ ਦੁਰਲਭ ਹੁੰਦੀਆਂ ਹਨ। ਲਿਫਿਸਟਿਯਮ ਵੰਸ਼ ਦੀਆਂ ਇਹ ਮਕੜੀਆਂ ਦੱਖਣ ਪੂਰਵ ਏਸ਼ੀਆਂ ਵਿੱਚ ਪਾਈਆਂ ਜਾਂਦੀਆਂ ਹਨ।

ਲੰਮੀਆਂ ਟੰਗਾਂ ਵਾਲੀਆਂ ਸੂਰਜ ਮਕੜੀਆਂ ਅਫਰੀਕਾ ਅਤੇ ਮੱਧ ਪੂਰਬ ਦੇ ਸੁੱਕੇ ਰੇਗਿਸਤਾਨ ਇਲਾਕਿਆਂ ਵਿੱਚ ਮਿਲਦੀਆਂ ਹਨ ਜੋ 16 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਦੌੜ ਲਗਾ ਸਕਦੀਆਂ ਹਨ। ਮਕੜੀਆਂ ਇਕ ਮਾਸਾਹਾਰੀ ਜੀਵ ਹਨ, ਜਿਨ੍ਹਾਂ ਦਾ ਮੁਖ ਭੋਜਨ ਕੀੜੇ-ਮਕੌੜੇ ਹਨ ਲੇਕਿਨ ਬਾਘੀਰਾ ਕਿਪਲਿੰਗੀ ਨਾਮਕ ਮਕੜੀ ਸ਼ਾਕਾਹਾਰੀ ਹੁੰਦੀ ਹੈ।

ਆਮਤੌਰ ਤੇ ਮਕੜੀਆਂ ਜਾਲ ਬਣਾਉਂਦੀਆਂ ਹਨ ਅਤੇ ਉਸ ਵਿੱਚ ਸ਼ਿਕਾਰ ਫਸਾਉਂਦੀਆਂ ਹਨ। ਟਰੋਪੀਕਲ ਪ੍ਰਦੇਸ਼ਾਂ ਵਿੱਚ ਮਿਲਣ ਵਾਲੀਆਂ ਨਫੀਲਾ ਵੰਸ਼ ਦੀਆਂ ਮਕੜੀਆਂ ਸਭ ਤੋਂ ਵੱਡਾ ਜਾਲ ਬੁਨਦੀਆਂ ਹਨ। ਏਰਿਅਲਨੁਮਾ ਗੋਲਾਈ ਵਾਲ ਜਾਲ ਦੀ ਪਰਿਧਿ 573 ਸੈਂਟੀਮੀਟਰ ਤਕ ਨਾਪੀ ਗਈ ਹੈ। ਪ੍ਰਕ੍ਰਿਤੀ ਨੇ ਉਹਨਾਂ ਦੇ ਪੇਟ ਵਿੱਚ ਇਕ ਥੈਲੀ ਦਿੱਤੀ ਹੈ ਜਿਸ ਵਿੱਚ ਚਿਪਚਿਪਾ ਪਦਾਰਥ ਹੁੰਦਾ ਹੈ ਜਿਸ ਨਾਲ ਉਹ ਆਪਣਾ ਜਾਲ ਬਣਾਉਂਦੀ ਹੈ।

ਮਕੜੀ ਦਾ ਜਾਲਾ ਬੁਣਨਾ ਉਸਦੀ ਕਲਾ ਹੈ। ਪਹਿਲੇ ਇਕ ਤੰਤੂ ਬਣਾ ਕੇ ਉਹ ਦੂਸਰੇ ਪਾਸੇ ਉਛਾਲਦੀ ਹੈ। ਇਸ ਤਰ੍ਹਾਂ ਉਹ ਇਕ ਫ੍ਰੇਮ ਤਿਆਰ ਕਰਕੇ ਉਸ ਤੇ ਸਾਈਕਲ ਦੇ ਪਹੀਆਂ ਦੀਆਂ ਤੀਲੀਆਂ (ਤਾੜੀਆਂ) ਵਰਗਾ ਢਾਚਾਂ ਤਿਆਰ ਕਰ ਲੈਂਦੀ ਹੈ। ਢਾਂਚੇ ਤੇ ਘੁੰਮ-ਘੁੰਮ ਕੇ ਉਹ ਇਹਨਾਂ ਨੂੰ ਆਪਸ ਵਿੱਚ ਜੋੜਦੀ ਜਾਂਦੀ ਹੈ।

ਸਾਰੇ ਤਰ੍ਹਾਂ ਦੀਆਂ ਮਕੜੀਆਂ ਸ਼ਿਕਾਰ ਫਸਾਉਣ ਲਈ ਜਾਲ ਨਹੀਂ ਬੁਨਦੀਆਂ। ਕੁਝ ਜਮੀਨਾਂ ਦੇ ਹੇਠਾਂ ਰਹਿੰਦੀਆਂ ਹਨ ਤਾਂ ਕੁਝ ਫੁੱਲਾਂ ਵਿੱਚ ਅਤੇ ਕੁਝ ਪਾਣੀ ਵਿੱਚ। ਇਹ ਸਿੱਧੇ-ਸਿੱਧੇ ਸ਼ਿਕਾਰ ਕਰਕੇ ਭੋਜਨ ਪ੍ਰਾਪਤ ਕਰਦੀਆਂ ਹਨ।

ਮਕੜੀਆਂ ਦਾ ਖ਼ੂਨ ਸਾਡੀ ਤਰ੍ਹਾਂ ਲਾਲ ਰੰਗ ਦਾ ਨਹੀਂ ਹੁੰਦਾ। ਉਹਨਾਂ ਦਾ ਖ਼ੂਨ ਨੀਲੇ ਰੰਗ ਦਾ ਹੁੰਦਾ ਹੈ। ਕਾਰਣ ਇਹ ਕਿ ਉਹਨਾਂ ਦੇ ਖ਼ੂਨ ਵਿੱਚ ਕਾਪਰ ਪਾਇਆ ਜਾਂਦਾ ਹੈ।

ਕੁਦਰਤ ਨੇ ਮੱਕੜੀਆਂ ਵਿੱਚ ਜ਼ਹਿਰੀਲਾ ਡੰਕ ਦਿਤਾ ਹੈ ਜਿਸ ਨੂੰ ਉਹ ਸ਼ਿਕਾਰ ਤੇ ਛੱਡਦੀਆਂ ਹਨ। ਜ਼ਿਆਦਾਤਰ ਮਕੜੀਆਂ ਇਨਸਾਨਾਂ ਨੂੰ ਨੁਕਸਾਨ ਨਹੀ ਪਹੁੰਚਾਉਂਦੀਆਂ। ਫੋਨਿਊਟ੍ਰਿਆ ਵੰਸ਼ ਦੀਆਂ ਮਕੜੀਆਂ ਸਭ ਤੋਂ ਵੱਧ ਜ਼ਹਿਰੀਲੀਆਂ ਹੁੰਦੀਆਂ ਹਨ। ਖਾਸ ਤੌਰ ਤੇ ਪੀਰਿਰਾ ਦਾ ਜ਼ਹਿਰ ਸਭ ਤੋਂ ਤੇਜ਼ ਹੁੰਦਾ ਹੈ। ਇਹ ਬ੍ਰਾਜ਼ੀਲ ਵਿੱਚ ਪਾਈਆਂ ਜਾਂਦੀਆਂ ਹਨ। ਵੈਸੇ ਇਸਦੇ ਜ਼ਹਿਰ ਦੀ ਕਾਟ ਦਾ ਸਮੇਂ ਸਿਰ ਇਲਾਜ ਨਾ ਮਿਲਣ ਤੇ ਵਿਅਕਤੀ ਦੀ ਜਾਨ ਵੀ ਜਾ ਸਕਦੀ ਹੈ।

ਜੀਵ ਵਿਗਿਆਨੀਆਂ ਦੇ ਅਨੁਸਾਰ, ਟੈਰੇਂਟੁਲਸ ਜਾਤੀਆਂ ਦੀਆਂ ਮਕੜੀਆਂ ਦੀ ਉਮਰ ਸਭ ਤੋਂ ਵੱਧ ਹੁੰਦੀ ਹੈ।1935 ਵਿੱਚ ਮੈਕਸੀਕੋ ਵਿੱਚ ਇਕ ਮਾਦਾ ਥੈਰੇਸੋਫਾਈਡ ਮਕੜੀ ਫੜੀ ਗਈ ਸੀ ਜੋ ਕਿ 28 ਸਾਲ ਤਕ ਜੀਵਤ ਰਹੀ।

ਲੇਖ : ਡਾ: ਵਿਨੋਦ ਗੁਪਤਾ





ਪ੍ਰੇਰਕ-ਪ੍ਰਸੰਗ : ਰਾਮਕੁਮਾਰ

# ਸਾਹਸੀ ਕਿਸ਼ੋਰ



**ਆਜ਼ਾਦੀ** ਤੋਂ ਪਹਿਲਾਂ ਦੀ ਗੱਲ ਹੈ ਇਹ। ਉਹਨੀਂ ਦਿਨੀਂ ਆਜ਼ਾਦੀ ਦਾ ਅੰਦੋਲਨ ਜ਼ੋਰਾਂ ਤੇ ਸੀ। ਦੇਸ਼ ਦਾ ਬੱਚਾ-ਬੱਚਾ ਆਜ਼ਾਦੀ ਦੀ ਖਾਤਿਰ ਮਰ-ਮਿਟਣ ਨੂੰ ਤਤਪਰ ਸੀ। ਹਰ ਸ਼ਹਿਰ ਵਿੱਚ ਅਤੇ ਹਰ ਪਿੰਡ ਵਿੱਚ ਲੋਕ ਬ੍ਰਿਟਿਸ਼ ਸ਼ਾਸਨ ਦੇ ਖਿਲਾਫ ਖੁਲ੍ਹਾ ਵਿਰੋਧ ਜਾਹਿਰ ਕਰ ਰਹੇ ਸਨ। ਬ੍ਰਿਟਿਸ਼ ਸਰਕਾਰ ਆਜ਼ਾਦੀ ਦੇ ਇਸ ਅੰਦੋਲਨ ਨੂੰ ਪੂਰੀ ਸਖਤਾਈ ਨਾਲ ਦਬਾ ਰਹੀ ਸੀ। ਓਨੀਂ ਦਿਨੀ ਵਾਰਾਨਸੀ ਵਿੱਚ ਕੁਝ ਕ੍ਰਾਂਤੀਕਾਰੀਆਂ ਨੇ ਜਲੂਸ ਕੱਢਿਆ। ਜਲੂਸ ਹਾਲਾਂ ਨਗਰ ਦੇ ਪ੍ਰਮੁਖ ਚੌਰਾਹੇ ਤਕ ਵੀ ਨਹੀਂ ਪਹੁੰਚ ਸਕਿਆ ਸੀ ਕਿ ਭਾਰੀ ਗਿਣਤੀ ਵਿੱਚ ਪੁਲਿਸ ਆ ਧਮਕੀ ਅਤੇ ਆਨਨ-ਫਾਨਨ ਵਿੱਚ ਸਾਰੇ ਕ੍ਰਾਂਤੀਕਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

ਗ੍ਰਿਫਤਾਰ ਕੀਤੇ ਗਏ ਕ੍ਰਾਂਤੀਕਾਰੀਆਂ ਵਿੱਚ ਇਕ ਚੌਦਾ ਸਾਲਾਂ ਦਾ ਕਿਸ਼ੋਰ ਵੀ ਸੀ। ਜਦ ਅੰਗ੍ਰੇਜ਼ ਜਿਲਾ ਕੁਲੈਕਟਰ ਦੇ ਸਾਹਮਣੇ ਇਸ ਕਿਸ਼ੋਰ ਨੂੰ ਕਟਘਰੇ ਵਿੱਚ ਲਿਆਂਦਾ ਗਿਆ ਤਾਂ ਜਿਲਾ ਕੁਲੈਕਟਰ ਹੈਰਾਨੀ ਵਿੱਚ ਪੈ ਗਿਆ। ਉਸਨੇ ਉਚੀ ਆਵਾਜ਼ ਵਿੱਚ ਪੁੱਛਿਆ – ਤੁਹਾਡਾ ਨਾਮ?

ਆਜ਼ਾਦ – ਕਿਸ਼ੋਰ ਨੇ ਨਿਡਰਤਾ ਨਾਲ ਜਵਾਬ ਦਿੱਤਾ।

ਜਿਲਾ ਕੁਲੈਕਟਰ ਦਾ ਦੂਸਰਾ ਸਵਾਲ ਸੀ – ਨਿਵਾਸ ਸਥਾਨ?

ਜੇਲਖਾਨਾ।– ਦ੍ਰਿੜ ਸੁਰ ਵਿੱਚ ਉਸ ਕਿਸ਼ੋਰ ਦਾ ਜਵਾਬ ਸੀ।

ਕਿਸ਼ੋਰ ਦਾ ਇਹ ਊਟ-ਪਟਾਂਗ ਜਵਾਬ ਸੁਣ ਕੇ ਜਿਲਾ ਕੁਲੈਕਟਰ ਝੁੰਝਲਾ ਗਿਆ। ਲੇਕਿਨ ਫਿਰ ਕੁਝ ਸੋਚ ਕੇ ਉਸਨੇ ਉਹਨੂੰ ਸਮਝਾਉਣ ਦੇ ਲਹਿਜੇ ਵਿੱਚ ਕਿਹਾ– ਵੇਖ ਤੂੰ ਹਾਂਲਾ ਬੱਚਾ ਹੈ। ਸ਼ਾਇਦ ਗਲਤ ਲੋਕਾਂ ਦੇ ਬਹਿਕਾਵੇ ਵਿੱਚ ਆ ਕੇ ਇਸ ਖਤਰਨਾਕ ਅੰਦੋਲਨ ਨਾਲ ਤੂੰ ਜੁੜ ਗਿਆ ਹੈ। ਅਗਰ ਤੂੰ ਮਾਫ਼ੀ ਮੰਗ ਲਏਂ ਤਾਂ ਮੈਂ ਤੈਨੂੰ ਰਿਹਾ ਕਰ ਸਕਦਾ ਹਾਂ।

ਇਹ ਸੁਣ ਕੇ ਕਿਸ਼ੋਰ ਦਾ ਚਿਹਰਾ ਲਾਲ ਹੋ ਗਿਆ। ਉਸਨੇ ਤਪਾਕ ਨਾਲ ਕਿਹਾ– ਅਪਰਾਧੀ ਮੈਂ ਨਹੀਂ ਤੁਸੀਂ ਹੋ ਕਿਉਂਕਿ ਤੁਸੀਂ ਵਿਦੇਸ਼ੀ ਹੋ ਕੇ ਵੀ ਮੇਰੇ ਦੇਸ਼ ਤੇ ਕਬਜ਼ਾ ਕਰਕੇ ਬੈਠੇ ਹੋ। ਮਾਫ਼ੀ ਤਾਂ ਤੁਹਾਨੂੰ ਮੰਗਣੀ ਚਾਹੀਦੀ ਹੈ।

ਜਿਲਾ ਕੁਲੈਕਟਰ ਨੇ ਗੁੱਸੇ ਵਿੱਚ ਅੱਗ-ਬਬੂਲਾ ਹੋ ਕੇ ਉਹਨੂੰ ਕੈਦਖਾਨੇ ਦੀ ਸਜਾ ਸੁਣਾ ਦਿੱਤੀ ਲੇਕਿਨ ਕਿਸ਼ੋਰ ਦੇ ਚਿਹਰੇ ਤੇ ਅਫਸੋਸ ਦੀ ਸ਼ਿਕਨ ਤਕ ਨਹੀਂ ਸੀ। ਆਪ ਜਾਣਦੇ ਹੋ ਇਹ ਕਿਸ਼ੋਰ ਕੌਣ ਸੀ? ਇਹ ਸਾਹਸੀ ਕਿਸ਼ੋਰ ਸੀ– ਚੰਦਰਸ਼ੇਖਰ ਆਜ਼ਾਦ। ਜਿਨ੍ਹਾਂ ਨੂੰ ਅੱਜ ਵੀ ਅਸੀਂ ਆਦਰਸਹਿਤ ਯਾਦ ਕਰਦੇ ਹਾਂ।

# ਹਾਸਾ ਖੇਡਾ

ਸਬਜੀ ਵੇਚਣ ਵਾਲੇ ਦੇ ਘਰ ਜਦ ਬੱਚਾ ਹੋਇਆ ਤਾਂ ਇਕ ਔਰਤ ਨੇ ਪੁਛਿਆ -
ਵਧਾਈ ਹੋਵੇ, ਬੱਚਾ ਕਿਹੋ ਜਿਹਾ ਹੈ?
ਇਕਦਮ ਤਾਜਾ ਹੈ, ਭੈਣ ਜੀ!
- ਸਬਜੀ ਵੇਚਣ ਵਾਲੇ ਨੇ ਜਵਾਬ

............

ਦਿਨੇਸ਼ ਨੇ ਸੁੱਤੇ ਹੋਏ ਸ਼ੇਰ ਨੂੰ ਲੱਤ ਮਾਰ ਕੇ ਜਗਾਇਆ ਅਤੇ ਪ੍ਰਵੀਣ ਨੂੰ ਬੋਲਿਆ -
ਪ੍ਰਵੀਣ - ਭੱਜ ਚਲ !
ਪ੍ਰਵੀਣ ਬੋਲਿਆ - ਮੈਂ ਕਿਉਂ ਭੱਜਾਂ! ਲੱਤ ਮੈਂ ਥੋੜੀ ਮਾਰੀ ਏ?

............

ਮੋਹਨ : ਡਾਕਟਰ ਸਾਹਿਬ ਮੇਰੀ ਪਤਨੀ ਨੂੰ ਨਹੁੰ ਚਬਾਉਣ ਦੀ ਬੁਰੀ ਆਦਤ ਹੈ। ਕੀ ਕਰਾਂ?



ਡਾਕਟਰ : ਇਸ ਵਿੱਚ ਚਿੰਤਾ ਦੀ ਕੀ ਗੱਲ ਹੈ। ਆਪਣੀ ਪਤਨੀ ਨੂੰ ਦੰਦਾਂ ਦੇ ਡਾਕਟਰ ਕੋਲ ਲੈ ਜਾਉ ਅਤੇ ਸਾਰੇ ਦੰਦ ਕੱਢਵਾ ਦਿਉ।

ਡਾਕਟਰ : ਪਿਛਲੀ ਵਾਰ ਯਾਦਦਾਸ਼ਤ ਵਧਾਉਣ ਲਈ ਜੋ ਦਵਾ ਲੈ ਗਏ ਸੀ ਉਸ ਨਾਲ ਕੁਝ ਫਰਕ ਪਿਆ?



ਮਰੀਜ਼ : ਹੁਣ ਤਕ ਕੁਝ ਫਰਕ ਨਹੀਂ ਪਿਆ, ਰੋਜ਼ ਦਵਾ ਲੈਣਾ ਹੀ ਭੁਲ ਜਾਂਦਾ ਹਾਂ।

............

ਇਕ ਸਾਹਬ ਨੇ ਬੜੀ ਦੇਰ ਤਕ ਟ੍ਰੇਨ ਦੇ ਨਾਲ ਭੱਜ ਕੇ ਟ੍ਰੇਨ ਫੜ ਹੀ ਲਈ। ਅੰਦਰ ਬੈਠੇ ਹੋਏ ਯਾਤਰੀਆਂ ਨੇ ਕਿਹਾ -
'' ਬੜੀ ਹਿੰਮਤ ਕੀਤੀ ਆਪ ਨੇ।''
ਵਿਅਕਤੀ ਬੋਲਿਆ -
ਭਾਈ ਹਿੰਮਤ ਕੀ ਕੀਤੀ, ਜਿਸ ਨੂੰ ਚੜ੍ਹਾਉਣ ਆਇਆ ਸੀ ਉਹ ਤਾਂ ਸਟੇਸ਼ਨ ਤੇ ਹੀ ਰਹਿ ਗਿਆ।

............

ਹਨੀ ਫਜਿਕਸ ਦਾ ਇਮਤਿਹਾਨ ਦੇਣ ਗਿਆ, ਪੇਪਰ ਵਿੱਚ ਸਵਾਲ ਪੁੱਛਿਆ ਗਿਆ -
''ਕਿਹੜਾ ਲੀਕਵਡ ਗਰਮ ਕਰਨ ਤੇ ਸਾਲਿਡ ਬਣ ਜਾਂਦਾ ਹੈ?''
ਹਨੀ ਦਾ ਜਵਾਬ : - ''ਬੇਸਨ ਦੇ ਪਕੌੜੇ।''

- ਰਜਿਤ (ਅੰਬਾਲਾ)

ਭਿਖਾਰੀ : ਸਾਹਿਬ, ਪੰਜ ਰੁਪਏ ਦੇ ਦਿਉ।

ਸਾਹਿਬ : ਤੇਰੇ ਕੋਲ ਖੁੱਲ੍ਹੇ ਹਨ।

ਭਿਖਾਰੀ : ਹਾਂ ਸਾਹਿਬ ਹਨ।

ਸਾਹਿਬ : ਤਾਂ ਪਹਿਲਾਂ ਉਹ ਖਰਚ ਕਰ ਲੈ। ਮੇਰੇ ਕੋਲ ਖੁੱਲ੍ਹੇ ਨਹੀਂ ਹਨ।



............

ਕਾਲਾ : (ਵਿੱਕੀ ਨੂੰ) ਮੇਰੇ ਕੋਲ ਅਜਿਹੀ ਗੱਡੀ ਹੈ ਜੋ ਬਿਨਾ ਡਰਾਈਵਰ ਦੇ ਚਲਦੀ ਹੈ।

ਵਿੱਕੀ : ਕਿਵੇਂ?

ਕਾਲਾ : ਚਾਬੀ ਭਰਨ ਨਾਲ।

............

ਮੱਛਰ ਦਾ ਬੱਚਾ ਪਹਿਲੀ ਵਾਰ ਉਡਿਆ। ਜਦ ਵਾਪਿਸ ਆਇਆ ਤਾਂ ਉਸਦੇ ਪਿਤਾ ਨੇ ਪੁੱਛਿਆ –

ਕਿਵੇਂ ਲੱਗਾ ਉਡੱ ਕੇ।

ਬੱਚਾ ਬੋਲਿਆ – ਬਹੁਤ ਵਧੀਆ! ਜਿਧਰ ਵੀ ਗਿਆ ਲੋਕ ਤਾੜੀਆਂ ਵਜਾ ਰਹੇ ਸਨ।

............

ਬੇਟਾ (ਪਿਤਾ ਨੂੰ) ਪਿਤਾ ਜੀ,

ਮੈਨੂੰ ਤਿੰਨ ਵਿਸ਼ਿਆਂ ਵਿੱਚ ਇਕੋ ਜਿਹੇ ਅੰਕ ਮਿਲੇ ਹਨ।

ਪਿਤਾ : ਬੇਟਾ, ਇਹ ਤਾਂ ਵਧੀਆ ਗੱਲ ਹੈ। ਜਰਾ ਮੈਂ ਵੀ ਤਾਂ ਸੁਣਾਂ ਮੇਰੇ ਬੇਟੇ ਨੇ ਇਕੋ ਜਿਹੇ ਕਿੰਨੇ ਅੰਕ ਪ੍ਰਾਪਤ ਕੀਤੇ ਹਨ?

ਬੇਟਾ : ਪਿਤਾ ਜੀ ਜ਼ੀਰੋ-ਜ਼ੀਰੋ-ਜ਼ੀਰੋ।

– ਸਨੇਹਾ (ਠਾਕੁਰਪੁਰਾ)

ਅਧਿਆਪਿਕਾ : ਰਾਹੁਲ ਦੱਸੋ, ਹਾਥੀ ਦੀ ਕੀ ਪਹਿਚਾਣ ਹੁੰਦੀ ਹੈ?

ਰਾਹੁਲ : ਮੈਡਮ ਜੀ, ਹਾਥੀ ਦੀਆਂ ਦੋ ਪੂਛਾਂ ਹੁੰਦੀਆਂ ਹਨ ਇਕ ਅਗੇ ਅਤੇ ਇਕ ਪਿਛੇ।

............

ਗਾਹਕ : ਚੂਹੇ ਮਾਰਨ ਦੀ ਦਵਾ ਮਿਲੇਗੀ ਕੀ?

ਦੁਕਾਨਦਾਰ : ਜੀ ਹਾਂ ਇਹ ਲਉ।

ਗਾਹਕ : ਚੂਹੇ ਮਾਰਨ ਦਾ ਪਾਪ ਤੈਨੂੰ ਲੱਗੇਗਾ ਜਾਂ ਮੈਨੂੰ।

ਦੁਕਾਨਦਾਰ : ਕਿਸੇ ਨੂੰ ਵੀ ਨਹੀਂ।

ਗਾਹਕ : ਉਹ ਕਿਵੇਂ ਭਲਾ?

ਦੁਕਾਨਦਾਰ : ਚੂਹੇ ਮਰਨਗੇ ਤਦ ਨਾ।



............

ਇਕ ਨੌਜਵਾਨ ਕਮਰ ਨਾਲ ਰੱਸੀ ਬੰਨ੍ਹ ਕੇ ਪਹਾੜ ਤੇ ਚੜ੍ਹਨ ਦੀ ਟ੍ਰੇਨਿੰਗ ਲੈ ਰਿਹਾ ਸੀ। ਤਦ ਉਸ ਨੇ ਗਾਇਡ ਨੂੰ ਪੁੱਛਿਆ –

ਸਰ, ਰੱਸੀ ਇਕਦਮ ਮਜ਼ਬੂਤ ਹੈ ਨਾ। ਟੁੱਟੇਗੀ ਤਾਂ ਨਹੀਂ।

ਗਾਇਡ ਬੋਲਿਆ –ਫਿਕਰ ਨਾ ਕਰੋ, ਸਾਡੇ ਕੋਲ ਰੱਸੀਆਂ ਦੀ ਘਾਟ ਨਹੀਂ ਹੈ।

– ਜਿਉਤੀ, ਗੀਤੂ, ਖਨੇਜਾ (ਕਲਾਨੌਰ)

❑ ਬਲਵਿੰਦਰ 'ਬਾਲਮ'

## ਜੰਨਤ ਦੀ ਪਰਿਭਾਸ਼ਾ

# ਨਾਰੀ

ਨਾਰੀ ਜੰਨਤ ਦੀ ਪਰਿਭਾਸ਼ਾ।
ਨਾਰੀ ਪੀੜੀ ਦੀ ਅਭਿਲਾਸ਼ਾ।
ਨਾਰੀ ਮੰਦਿਰ ਵਿਚ ਜਿਉਂ ਜੋਤੀ।
ਨਾਰੀ ਮਮਤਾ ਵਾਲੀ ਗੋਦੀ।

ਨਾਰੀ ਧਰਤੀ ਨਾਰੀ ਅੰਬਰ।
ਨਾਰੀ ਸੁਖਮਨੀ ਦੁਖ ਅੰਦਰ।
ਨਾਰੀ ਸਤਿਅਮ ਸੁੰਦਰ ਸ਼ਕਤੀ।
ਨਾਰੀ ਪੂਜਾ ਨਾਰੀ ਭਗਤੀ।

ਨਾਰੀ ਜਿਉਂ ਖਿੜਦੀ ਖੁਸ਼ਹਾਲੀ।
ਨਾਰੀ ਸਾਰੇ ਜਗ ਦੀ ਵਾਲੀ।
ਨਾਰੀ ਵਗਦਾ ਦਰਿਆ ਹੈ ਪਰ।
ਨਾਰੀ ਚੜ੍ਹਦੇ ਹੜ੍ਹ ਦਾ ਹੈ ਡਰ।

ਨਾਰੀ ਕਰਕੇ ਸੰਸਾਰ ਪਿਆਰਾ।
ਨਾਰੀ ਰੱਬ ਦਾ ਰੂਪ ਨਿਆਰਾ।
ਨਾਰੀ ਕੋਮਲ ਗੰਦਲ ਵਾਂਗੂੰ।
ਨਾਰੀ ਖੁਸ਼ਬੂ ਚੰਦਨ ਵਾਂਗੂੰ।

ਨਾਰੀ ਵੇਲ ਮੁਹੱਬਤ ਵਾਲੀ।
ਨਾਰੀ ਫੁੱਲਾਂ ਲੱਦੀ ਡਾਲੀ।
ਨਾਰੀ ਸਾਰੇ ਜਗ ਦੀ ਜਨਨੀ।
ਨਾਰੀ ਜਿਉਂ ਦੀਵੇ ਦੀ ਅਗਨੀ।

ਨਾਰੀ 'ਬਾਲਮ' ਪਾਕ ਪਵਿੱਤਰ।
ਨਾਰੀ ਸਭ ਤੋਂ ਸੱਚਾ ਮਿੱਤਰ।



ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ



(ਸਭ ਸਵਾਲਾਂ ਦੇ ਜੁਆਬ 'ਸ਼' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

1) ਭਾਰਤ ਦੇ ਕਿਸ ਰਾਜ ਦੀ ਰਾਜਧਾਨੀ ਸ਼ਿਮਲਾ ਹੈ?
2) ਭਗਵਾਨ ਸ੍ਰੀ ਰਾਮ ਦੇ ਵੰਸ਼ ਦਾ ਕੀ ਨਾਂ ਸੀ?
3) ਉੱਤਰਾਖੰਡ ਰਾਜ ਪਹਿਲਾਂ ਕਿਸ ਰਾਜ ਦਾ ਹਿੱਸਾ ਸੀ?
4) ਸੰਨ 1971 ਵਿਚ ਭਾਰਤ ਪਾਕਿਸਤਾਨ ਯੁੱਧ ਤੋਂ ਬਾਅਦ ਕਿਹੜੇ ਨਵੇਂ ਦੇਸ਼ ਦਾ ਨਿਰਮਾਣ ਹੋਇਆ?
5) ਪ੍ਰਸਿੱਧ ਝੂਲਾ ਪੁਲ ''ਲਛਮਣ ਝੂਲਾ'' ਕਿਹੜੇ ਸ਼ਹਿਰ ਵਿਚ ਹੈ?
6) ਰਜ਼ੀਆ ਸੁਲਤਾਨ ਕਿਸ ਮੁਸਲਮਾਨ ਸ਼ਾਸਕ ਦੀ ਬੇਟੀ ਸੀ?
7) ਭਾਰਤ ਦੇ ਕਿਹੜੇ ਰਾਜ ਦਾ ਪੁਰਾਣਾ ਨਾਂ 'ਨਾਰਥ ਈਸਟ ਫਰੰਟੀਅਰ ਏਜੰਸੀ' ਸੀ?
8) ਭਗਵਾਨ ਸ਼ਿਵ ਜੀ ਦੇ ਕਿਹੜੇ ਪੁੱਤਰ ਦਾ ਸਿਰ ਹਾਥੀ ਦਾ ਸੀ?
9) ਕਿਸ ਭਾਰਤੀ ਰਾਜ ਦੀ ਮੁੱਖ ਭਾਸ਼ਾ ਤੇਲਗੂ ਹੈ?
10) ਪ੍ਰਸਿੱਧ ਪਿਕਨਿਕ ਸਥਾਨ ਚੰਬਾ ਤੇ ਡਲਹੌਜੀ ਭਾਰਤ ਦੇ ਕਿਸ ਰਾਜ ਵਿਚ ਹਨ?
11) ਕਿਸ ਦੇਸ਼ ਦੀ ਸੰਸਦ ਦਾ ਨਾਂ 'ਜਾਤੀ ਸੰਸਦ' ਹੈ?
12) ਭੋਪਾਲ ਭਾਰਤ ਦੇ ਕਿਹੜੇ ਰਾਜ ਦੀ ਰਾਜਧਾਨੀ ਹੈ?
13) ਸਰਵਸ਼੍ਰੇਸ਼ਠ ਗਾਇਕ ਦਾ ਪਹਿਲਾ ਫਿਲਮ ਫੇਅਰ ਪੁਰਸਕਾਰ 1962 ਵਿਚ ਫਿਲਮ 'ਅਨਾੜੀ' ਵਾਸਤੇ ਕਿਸ ਗਾਇਕ ਨੂੰ ਮਿਲਿਆ ਸੀ?
14) ਕਿਸ ਭਾਰਤੀ ਪ੍ਰਦੇਸ਼ ਵਿਚ ਸਭ ਤੋਂ ਜ਼ਿਆਦਾ 80 ਲੋਕਸਭਾ ਖੇਤਰ ਹਨ?
15) ਕਿਸ ਪਰਬਤ ਉੱਤੇ ਭਗਵਾਨ ਸ਼ਿਵ ਜੀ ਦਾ ਨਿਵਾਸ ਮੰਨਿਆ ਜਾਂਦਾ ਹੈ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖ)



# ਕਿੱਟੀ

ਚਿੱਤਰਕਾਰ ਅਤੇ ਲੇਖਕ - **ਅਜੈ ਕਾਲੜਾ**







ਚਲੋ ਅਸੀਂ ਨਦੀ ਦੇ ਕਿਨਾਰੇ ਚਲਦੇ ਹਾਂ, ਖੂਬ ਮਜੇ ਕਰਾਂਗੇ।
ਲਓ, ਹੁਣ ਕਰੋ ਖੂਬ ਮਜ਼ੇ। ਸਾਫ਼-ਸੁਥਰੇ ਹੋ ਕੇ ਬਾਹਰ ਨਿਕਲਣਾ।
ਬਚਾਓ! ਬਚਾਓ! ਮੈਨੂੰ ਤੈਰਨਾ ਨਹੀਂ ਆਉਂਦਾ।


ਰੁਕੋ! ਰੁਕੋ! ਮੈਂ ਆ ਰਹੀ ਹਾਂ ਤੈਨੂੰ ਬਚਾਉਣ।
ਕਿੱਟੀ ਤੂੰ ਚੰਗਾ ਨਹੀਂ ਕੀਤਾ, ਅਗਰ ਚਿੰਟੂ ਨੂੰ ਕੁਝ ਹੋ ਜਾਂਦਾ ਤਾਂ! ਚਲੋ, ਹੁਣ ਅਸੀਂ ਸਾਰੇ ਘਰ ਚਲਦੇ ਹਾਂ।
ਮੈਂ ਭੱਜ-ਭੱਜ ਕੇ ਸਾਰਿਆਂ ਤੋਂ ਪਹਿਲਾਂ ਘਰ ਪਹੁੰਚ ਜਾਂਦੀ ਹਾਂ।


ਬਚਾਓ! ਮੈਂ ਚਿੱਕੜ ਵਿੱਚ ਡਿਗ ਗਈ।
ਹਾ, ਹਾ, ਹਾ, ਚਲੋ ਹੁਣ ਕਿੱਟੀ ਨੂੰ ਨਦੀ ਵਿੱਚ ਸੁੱਟ ਦਿੰਦੇ ਹਾਂ। ਇਸਦੇ ਲਈ ਸਾਫ਼ ਹੋਣਾ ਬਹੁਤ ਜ਼ਰੂਰੀ ਹੈ।
ਕਿੱਟੀ ਨੂੰ ਹੁਣ ਸਮਝ ਆਇਆ ਕਿ 'ਜੋ ਬੀਜੋਗੇ ਉਹੀ ਵੱਡੋਗੇ।'

ਕਹਾਣੀ : ਭਾਰਤਭੂਸ਼ਣ

# ਚੰਦਨ ਬਣਿਆ ਕੋਇਲਾ

ਇਕ ਰਾਜਾ ਜੰਗਲ ਘੁੰਮਣ ਲਈ ਗਿਆ। ਉਥੇ ਉਹ ਰਾਹ ਭਟਕ ਗਿਆ। ਭੁੱਖ-ਪਿਆਸ ਨਾਲ ਪੀੜਤ ਉਹ ਇਕ ਵਨਵਾਸੀ ਦੀ ਝੌਂਪੜੀ ਵਿੱਚ ਪਹੁੰਚਿਆ। ਉਥੇ ਰਾਜਾ ਦੀ ਬਹੁਤ ਸੇਵਾ ਹੋਈ। ਉਹ ਬਹੁਤ ਖੁਸ਼ ਹੋਇਆ। ਦੂਸਰੇ ਦਿਨ ਚਲਦੇ ਸਮੇਂ ਰਾਜਾ ਨੇ ਉਸ ਵਨਵਾਸੀ ਨੂੰ ਕਿਹਾ- ਮੈਂ ਇਸ ਰਾਜ ਦਾ ਸ਼ਾਸ਼ਕ ਹਾਂ। ਤੇਰੀ ਸੱਜਣਤਾ ਅਤੇ ਸੇਵਾ-ਭਾਵ ਤੋਂ ਪ੍ਰਭਾਵਿਤ ਹੋ ਕੇ ਰਾਜਘਰਾਣੇ ਦਾ ਚੰਦਨਬਾਗ ਤੈਨੂੰ ਪ੍ਰਦਾਨ ਕਰਦਾ ਹਾਂ। ਉਸ ਨਾਲ ਤੇਰਾ ਜੀਵਨ ਆਨੰਦ ਨਾਲ ਬੀਤੇਗਾ। ਰਾਜਾ ਨੇ ਚੰਦਰਨਬਾਗ ਵਨਵਾਸੀ ਦੇ ਨਾਮ ਕਰਕੇ ਪਰਵਾਨਾ ਲਿਖ ਦਿੱਤਾ।

ਵਨਵਾਸੀ ਉਸ ਪਰਵਾਨੇ ਨੂੰ ਲੈ ਕੇ ਰਾਜ ਅਧਿਕਾਰੀ ਦੇ ਕੋਲ ਗਿਆ ਅਤੇ ਬਹੁ-ਕੀਮਤੀ ਚੰਦਨ ਦਾ ਬਾਗ ਉਹਨੂੰ ਪ੍ਰਾਪਤ ਹੋ ਗਿਆ।

ਪ੍ਰੰਤੂ ਚੰਦਨ ਦਾ ਕੀ ਮਹੱਤਵ ਹੈ ਅਤੇ ਉਸ ਤੋਂ ਕਿਸ ਤਰ੍ਹਾਂ ਲਾਭ ਉਠਾਇਆ ਜਾ ਸਕਦਾ ਹੈ, ਇਸਦੀ ਜਾਣਕਾਰੀ ਉਸਨੂੰ ਨਹੀਂ ਸੀ। ਵਨਵਾਸੀ ਚੰਦਨ ਦੇ ਰੁੱਖ ਕੱਟ ਕੇ ਉਹਨਾਂ ਦਾ ਕੋਇਲਾ ਬਣਾ ਕੇ ਸ਼ਹਿਰ ਵਿੱਚ ਵੇਚਣ ਲਗਾ। ਇਸ ਤਰ੍ਹਾਂ ਉਸ ਦੇ ਗੁਜਾਰੇ ਦੀ ਵਿਵਸਥਾ ਚੱਲਣ ਲੱਗੀ।





ਹੌਲੀ-ਹੌਲੀ ਸਾਰੇ ਰੁੱਖ ਖ਼ਤਮ ਹੋ ਗਏ। ਇਕ ਆਖਰੀ ਰੁੱਖ ਬਚਿਆ। ਵਰਖਾ ਹੋਣ ਦੇ ਕਾਰਣ ਕੋਇਲਾ ਨਾ ਬਣ ਸਕਿਆ ਤਾਂ ਉਸ ਨੇ ਲੱਕੜੀ ਵੇਚਣ ਦਾ ਨਿਸ਼ਚਾ ਕੀਤਾ। ਲੱਕੜੀ ਦਾ ਗੱਠੜ ਲੈ ਕੇ ਜਦ ਉਹ ਬਜ਼ਾਰ ਪਹੁੰਚਾ ਤਾਂ ਸੁਗੰਧ ਤੋਂ ਪ੍ਰਭਾਵਿਤ ਲੋਕਾਂ ਨੇ ਉਸਦਾ ਭਾਰੀ ਮੁੱਲ ਚੁਕਾਇਆ। ਹੈਰਾਨ ਹੋ ਕੇ ਵਨਵਾਸੀ ਨੇ ਇਸਦਾ ਕਾਰਣ ਪੁੱਛਿਆ ਤਾਂ ਲੋਕਾਂ ਨੇ ਦੱਸਿਆ - ਇਹ ਚੰਦਨ ਦੀ ਲੱਕੜੀ ਹੈ। ਬਹੁਤ ਕੀਮਤੀ ਹੈ। ਅਗਰ ਤੇਰੇ ਕੋਲ ਅਜਿਹੀਆਂ ਹੋਰ ਲੱਕੜੀਆਂ ਹਨ ਤਾਂ ਤੂੰ ਉਸਦਾ ਢੇਰ ਸਾਰਾ ਮੁੱਲ ਪ੍ਰਾਪਤ ਕਰ ਸਕਦਾ ਹੈਂ।

ਵਨਵਾਸੀ ਆਪਣੀ ਨਾਸਮਝੀ ਤੇ ਪਛਤਾਉਣ ਲੱਗਾ ਕਿ ਉਸਨੇ ਐਨੀ ਬਹੁ-ਕੀਮਤੀ ਚੰਦਨ ਦੀ ਲੱਕੜੀ ਨੂੰ ਕੋਡੀਆਂ ਦੇ ਭਾਅ ਕੋਇਲਾ ਬਣਾ ਕੇ ਵੇਚ ਦਿੱਤਾ।


ਪਛਤਾਵਾ ਕਰ ਰਹੇ ਉਸ ਨਾਸਮਝ ਨੂੰ ਹੌਂਸਲਾ ਦਿੰਦੇ ਹੋਏ ਇਕ ਵਿਅਕਤੀ ਨੇ ਕਿਹਾ- ਮਿੱਤਰ ਘਬਰਾਉ ਨਹੀਂ, ਇਹ ਸੰਸਾਰ ਤੇਰੇ ਵਾਂਗ ਹੀ ਨਾਸਮਝ ਹੈ। ਜੀਵਨ ਦਾ ਇਕ-ਇਕ ਪਲ ਬਹੁਤ ਕੀਮਤੀ ਹੈ ਪਰ ਲੋਕ ਲਾਲਚ ਵਿੱਚ ਕੋਡੀਆਂ ਦੇ ਰੂਪ ਵਿੱਚ ਇਹਨੂੰ ਗਵਾ ਦਿੰਦੇ ਹਨ। ਤੇਰੇ ਕੋਲ ਜੋ ਇਕ ਰੁੱਖ ਬਚਿਆ ਹੋਇਆ ਹੈ, ਉਸ ਦਾ ਸਦਉਪਯੋਗ ਕਰ ਤਾਂ ਘੱਟ ਨਹੀਂ। ਬਹੁਤ ਗੰਵਾ ਕੇ ਵੀ ਅੰਤ ਵਿੱਚ ਅਗਰ ਕੋਈ ਮਨੁੱਖ ਸੰਭਲ ਜਾਂਦਾ ਹੈ ਤਾਂ ਉਹ ਵੀ ਬੁਧੀਮਾਨ ਹੀ ਮੰਨਿਆ ਜਾਂਦਾ ਹੈ।

## ਸਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1) ਹਿਮਾਚਲ ਪ੍ਰਦੇਸ਼
2) ਰਘੁਵੰਸ਼
3) ਉੱਤਰ ਪ੍ਰਦੇਸ਼
4) ਬੰਗਲਾ ਦੇਸ਼
5) ਰਿਸ਼ੀਕੇਸ਼
6) ਇਲਤੁਤਮਿਸ਼
7) ਅਰੁਣਾਚਲ ਪ੍ਰਦੇਸ਼
8) ਗਣੇਸ਼
9) ਆਂਧਰ ਪ੍ਰਦੇਸ਼
10) ਹਿਮਾਚਲ ਪ੍ਰਦੇਸ਼
11) ਬੰਗਲਾ ਦੇਸ਼
12) ਮੱਧ ਪ੍ਰਦੇਸ਼
13) ਮੁਕੇਸ਼
14) ਉੱਤਰ ਪ੍ਰਦੇਸ਼
15) ਕੈਲਾਸ਼ ਪਰਬਤ।

ਅਕਸ਼ਦੀਪ

# ਕੀੜੀ



ਨਿੱਕਾ ਜਿਹਾ ਜੀਵ ਹੈ ਕੀੜੀ।
ਕੰਮ ਨਿਆਰੇ ਕਰਦੀ ਕੀੜੀ।

ਕੀੜੀ ਨੂੰ ਕੀੜੀ ਨਾ ਜਾਣੋ।
ਇਹਦੇ ਕੰਮ ਦੀ ਰਮਜ ਪਛਾਣੋ।

ਮਿੱਠੀ ਚੀਜ਼ ਤੇ ਆ ਜਾਂਦੀ ਹੈ।
ਸੁਗੰਧੀ ਝੱਟ ਪਾ ਜਾਂਦੀ ਹੈ।

ਲੰਬਾ ਪੈਂਡਾ ਤਹਿ ਹੈ ਕਰਦੀ।
ਪਹਾੜ-ਰੁੱਖ ਤੋਂ ਨਾ ਹੈ ਡਰਦੀ।

ਧੀਮੀ ਚਾਲ ਇਹ ਚਲਦੀ ਜਾਵੇ।
ਆਪਣੇ ਘਰ ਨੂੰ ਵੀ ਮੁੜ ਆਵੇ।

ਵੱਡੇ-ਵੱਡੇ ਪਹਾੜ ਖੋਦ ਲੈਂਦੀ।
ਕਿਸੇ ਨੂੰ ਕੋਈ ਬਿੜਕ ਨਾ ਪੈਂਦੀ।

ਵਿਚ ਕਤਾਰ ਤੁਰਦੀ ਜਾਵੇ।
ਰਾਹ ਤੋਂ ਕਦੇ ਪਰੇ ਨਾ ਜਾਵੇ।

ਸੁੰਘਣ ਸ਼ਕਤੀ ਹੈ ਵਧੇਰੇ।
ਘੁੰਮਦੀ ਫਿਰਦੀ ਚਾਰ ਚੁਫੇਰੇ।

ਇਸ ਦੇ ਰਾਹੇ ਰੋੜਾ ਨਾ ਬਣੀਏ।
ਕੀੜੀ ਵਾਂਗੂ ਸਦਾ ਚਲਦੇ ਰਹੀਏ।

# ਕੀ ਤੁਸੀਂ ਜਾਣਦੇ ਹੋ ?



- ਜੈਟ ਜਹਾਜ ਪ੍ਰਤਿ ਮਿੰਟ 60 ਕਿਲੋਮੀਟਰ ਦੀ ਗਤੀ ਤੇ ਉਡ ਸਕਦਾ ਹੈ।
- ਘੋੜਾ ਇਕ ਮਿੰਟ ਵਿੱਚ 37 ਵਾਰ ਸਾਹ ਲੈਂਦਾ ਹੈ।
- ਮਾਨਵ ਹਿਰਦਾ ਇਕ ਮਿੰਟ ਵਿੱਚ 72 ਵਾਰ ਧੜਕਦਾ ਹੈ।
- ਇੱਕ ਮਿੰਟ ਵਿੱਚ ਆਵਾਜ਼ 12 ਮੀਲ ਦੀ ਯਾਤਰਾ ਕਰਦੀ ਹੈ।
- ਇਕ ਮਿੰਟ ਵਿੱਚ ਸ਼ੇਰ 4 ਵਾਰ ਉਚੀ ਛਲਾਂਗ ਲਗਾ ਸਕਦਾ ਹੈ।
- ਸਾਡਾ ਰਾਸ਼ਟਰੀ ਗੀਤ 'ਜਨ-ਗਣ-ਮਨ' ਇਕ ਮਿੰਟ ਤੋਂ ਵੀ ਘੱਟ ਸਮੇਂ (52 ਸੈਕਿੰਡ) ਵਿੱਚ ਗਾਇਆ ਜਾਂਦਾ ਹੈ।
- ਮੁੰਬਈ ਸ਼ਹਿਰ ਦਾ ਪੁਰਾਣਾ ਨਾਂ ਬੰਬਈ ਸੀ।
- ਰਵਿੰਦਰ ਨਾਥ ਟੈਗੋਰ ਨੇ ਭਾਰਤ ਦੇ ਰਾਸ਼ਟਰੀ ਗਾਣ 'ਜਨ-ਗਨ-ਮਨ' ਦੀ ਰਚਨਾ ਕੀਤੀ ਸੀ।
- ਲਕਸ਼ਮੀਬਾਈ ਝਾਂਸੀ ਦੀ ਮਹਾਰਾਣੀ ਸੀ।
- ਏਸ਼ਿਆਈ ਖੇਡਾਂ ਦਾ ਆਯੋਜਨ ਚਾਰ ਸਾਲ ਬਾਅਦ ਹੁੰਦਾ ਹੈ।
- ਚੰਡੀਗੜ੍ਹ ਸ਼ਹਿਰ ਦਾ ਨਕਸ਼ਾ ਲੀ ਕਾਰਬੂਜ਼ੀਅਰ ਨੇ ਤਿਆਰ ਕੀਤਾ ਸੀ।
- ਮਗਰਮੱਛ ਮੂੰਹ ਖੋਲ੍ਹ ਕੇ ਸੌਂਦਾ ਹੈ।
- ਜਿਰਾਫ਼ ਕੋਈ ਵੀ ਆਵਾਜ਼ ਨਹੀਂ ਕੱਢ ਸਕਦਾ।
- ਛਿਪਕਲੀ ਕਦੇ ਵੀ ਪਾਣੀ ਨਹੀਂ ਪੀਂਦੀ।
- ਪਾਗਲ ਕੁੱਤੇ ਦੇ ਕੱਟਣ ਨਾਲ ਰੇਬੀਜ਼ ਜਾਂ ਹਾਡ੍ਰੋਫੋਬੀਆ ਰੋਗ ਹੁੰਦਾ ਹੈ।
- ਦੱਖਣੀ ਭਾਰਤ ਦਾ ਸਭ ਤੋਂ ਉੱਚਾ ਪਰਬਤ ਸਿਖਰ ਅਨਾਈਮੁਦੀ ਹੈ।
- ਭਾਰਤ ਵਿੱਚ ਸਭ ਤੋਂ ਵੱਧ ਮੂੰਗਫਲੀ ਦੀ ਪੈਦਾਵਾਰ ਗੁਜਰਾਤ ਵਿੱਚ ਹੁੰਦੀ ਹੈ।
- ਭਾਰਤ ਵਿੱਚ ਸਭ ਤੋਂ ਘੱਟ ਵਰਖਾ ਵਾਲਾ ਸਥਾਨ ਲੇਹ (ਜੰਮੂ-ਕਸ਼ਮੀਰ) ਹੈ।
- ਮਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਲਾਹੌਰ ਸੀ।
- ਪੋਲੀਉ ਦੇ ਟੀਕੇ ਦੀ ਖੋਜ ਜੋਨਾਸ ਸਾਲਕ ਨੇ ਕੀਤੀ ਸੀ।
- ਹਾਥੀ ਰਾਤ ਨੂੰ ਸਿਰਫ 2 ਘੰਟੇ ਸੌਂਦਾ ਹੈ।

ਸੰਗ੍ਰਹਿਕਰਤਾ - ਜਗਤਾਰ ਚਮਨ



ਪੌਰਾਣਿਕ ਕਥਾ - ਵਿਨੇ ਜੋਸ਼ੀ

# ਚਿਰਾਯੂ ਮਾਰਕੰਡੇਯ

ਮਰਕੰਡ ਨਾਮਕ ਇਕ ਮਹਾਰਿਸ਼ੀ ਸਨ। ਉਹਨਾਂ ਦੀ ਪ੍ਰਸਿੱਧੀ ਦੂਰ-ਦੂਰ ਤਕ ਫੈਲੀ ਹੋਈ ਸੀ। ਉਹਨਾਂ ਦੀ ਪਤਨੀ ਦਾ ਨਾਮ ਮਰੁਦੁਗਤੀ ਸੀ। ਦੋਵੇਂ ਪਤੀ-ਪਤਨੀ ਭਗਵਾਨ ਦੇ ਪਿਆਰੇ ਭਗਤ ਸਨ। ਉਂਝ ਤਾਂ ਦੋਹਾਂ ਦਾ ਜੀਵਨ ਸੁਖਪੂਰਵਕ ਗੁਜਰ ਰਿਹਾ ਸੀ ਲੇਕਿਨ ਕਦੇ-ਕਦੇ ਉਹਨਾਂ ਨੂੰ ਔਲਾਦ ਦੀ ਘਾਟ ਸਤਾਉਣ ਲੱਗਦੀ। ਜਦ ਕਦੇ ਔਲਾਦ ਦੀ ਘਾਟ ਦਾ ਧਿਆਨ ਆਉਂਦਾ, ਮਰੁਦਗਤੀ ਉਦਾਸ ਹੋ ਜਾਂਦੀ।

ਪਤਨੀ ਨੂੰ ਉਦਾਸ ਵੇਖ ਕੇ ਮਹਾਰਿਸ਼ੀ ਮਰਕੰਡ ਵੀ ਸੋਚ ਵਿੱਚ ਡੁੱਬ ਜਾਂਦੇ। ਇਕ ਵਾਰ ਉਹਨਾਂ ਨੇ ਸੋਚਿਆ, ''ਭਗਵਾਨ ਲਈ ਕੁਝ ਵੀ ਅਸੰਭਵ ਨਹੀਂ। ਮੈਨੂੰ ਭਗਵਾਨ ਨੂੰ ਖੁਸ਼ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਅਗਰ ਭਗਵਾਨ ਖੁਸ਼ ਹੋ ਗਏ ਤਾਂ ਮੈਨੂੰ ਜ਼ਰੂਰ ਔਲਾਦ ਦਾ ਸੁੱਖ ਪ੍ਰਾਪਤ ਹੋ ਜਾਏਗਾ।''

ਅਜਿਹਾ ਸੋਚ ਕੇ ਉਹਨਾਂ ਨੇ ਆਪਣਾ ਬਾਕੀ ਜੀਵਨ ਭਗਤੀ ਵਿੱਚ ਹੀ ਬਤੀਤ ਕਰਨ ਦਾ ਨਿਰਣਾ ਕੀਤਾ। ਉਹ ਦਿਨ-ਰਾਤ ਪ੍ਰਭੂ ਦੀ ਉਪਾਸਨਾ ਵਿੱਚ ਲੀਨ ਰਹਿਣ ਲੱਗੇ। ਇਕ ਦਿਨ ਉਹ ਧਿਆਨਮਗਨ ਬੈਠੇ ਸਨ ਕਿ ਉਹਨਾਂ ਨੂੰ ਇੰਝ ਲੱਗਿਆ ਜਿਵੇਂ ਭਗਵਾਨ ਸ਼ਿਵ ਉਹਨਾਂ ਦੇ ਸਾਹਮਣੇ ਪ੍ਰਗਟ ਹੋਏ ਹਨ। ਉਸੇ ਮਗਨ ਅਵਸਥਾ ਵਿੱਚ ਉਹ ਭਗਵਾਨ ਸ਼ਿਵ ਨਾਲ ਗੱਲਬਾਤ ਕਰਨ ਲੱਗੇ।

ਭਗਵਾਨ ਸ਼ਿਵ ਨੇ ਕਿਹਾ, ''ਮਰਕੰਡ, ਦੱਸੋ ਤੁਹਾਨੂੰ ਕਿਹੋ ਜਿਹਾ ਪੁੱਤਰ ਚਾਹੀਦਾ ਹੈ? ਛੋਟੇ ਜੀਵਨ ਵਾਲਾ ਗੁਣਵਾਨ ਪੁੱਤਰ ਜਾਂ ਲੰਮੇ ਜੀਵਨ ਵਾਲਾ ਗੁਣਹੀਨ ਪੁੱਤਰ।''

ਮਰਕੰਡ ਨੇ ਸੋਚਿਆ, ''ਗੁਣਵਾਨ ਵਿਅਕਤੀ ਮੌਤ ਦੇ ਨਾਲ ਨਹੀਂ ਮਰਦਾ। ਜਦ ਤਕ ਉਸਦੇ

ਗੁਣਾਂ ਦੀ ਛਾਪ ਜਨਮਾਨਸ ਦੇ ਮਨ ਤੇ ਰਹਿੰਦੀ ਹੈ, ਤਦ ਤਕ ਉਹ ਵੀ ਜੀਵਿਤ ਰਹਿੰਦਾ ਹੈ। ਇਸਦੇ ਉਲਟ ਗੁਣਹੀਨ ਵਿਅਕਤੀ ਜੀਵਤ ਮੁਰਦੇ ਦੇ ਸਮਾਨ ਹੈ। ਗੁਣਹੀਨ ਲੰਮੇ ਜੀਵਨ ਵਾਲੇ ਪੁੱਤਰ ਨਾਲੋਂ ਤਾਂ ਗੁਣਵਾਨ ਛੋਟੇ ਜੀਵਨ ਵਾਲਾ ਪੁੱਤਰ ਹੀ ਠੀਕ ਹੈ।'' ਇਹ ਸੋਚ ਕੇ ਉਹਨਾਂ ਨੇ ਭਗਵਾਨ ਸ਼ਿਵ ਨੂੰ ਕਿਹਾ, ''ਭਗਵਾਨ, ਮੈਨੂੰ ਅਜਿਹਾ ਪੁੱਤਰ ਨਹੀਂ ਚਾਹੀਦਾ ਜਿਸ ਨਾਲ ਨਾ ਤਾਂ ਮੇਰੇ ਕੁਲ ਦਾ ਨਾਮ ਹੋਵੇ ਅਤੇ ਨਾ ਜਗਤ ਦਾ ਕਲਿਆਣ। ਇਸ ਲਈ ਗੁਣਹੀਨ ਲੰਮੇ ਜੀਵਨ ਵਾਲੇ ਪੁੱਤਰ ਦੀ ਬਜਾਏ ਆਪ ਮੈਨੂੰ ਗੁਣਵਾਨ ਪੁੱਤਰ ਦਾ ਹੀ ਵਰਦਾਨ ਦਿਉ, ਭਲੇ ਹੀ ਉਹ ਛੋਟੇ ਜੀਵਨ ਵਾਲਾ ਕਿਉਂ ਨਾ ਹੋਵੇ।''

ਵਰਦਾਨ ਦੇ ਕੇ ਭਗਵਾਨ ਸ਼ਿਵ ਅੱਖਾਂ ਤੋਂ ਓਝਲ ਹੋ ਗਏ। ਤਦ ਮਹਾਰਿਸ਼ੀ ਮਰਕੰਡ ਦੀ ਸਮਾਧੀ ਟੁੱਟ ਗਈ। ਉਹਨਾਂ ਨੇ ਕੁਝ ਪਲ ਪਹਿਲਾਂ ਹੀ ਘਟੀ ਘਟਨਾ ਤੇ ਵਿਚਾਰ ਕੀਤਾ ਅਤੇ ਹਲਕਾ ਜਿਹਾ ਮੁਸਕਰਾਏ।

ਸਮਾਂ ਪਾ ਕੇ ਮਰੁਦਗਤੀ ਦੀ ਕੁੱਖੋਂ ਇੱਕ ਪੁੱਤਰ ਨੇ ਜਨਮ ਲਿਆ। ਉਸਦਾ ਨਾਮ ਮਾਰਕੰਡੇਯ ਰੱਖਿਆ ਗਿਆ। ਜਿਉਂ-ਜਿਉਂ ਉਹ ਵੱਡਾ ਹੁੰਦਾ ਗਿਆ, ਤਿਉਂ-ਤਿਉਂ ਉਸਦੇ ਗੁਣਾਂ ਦਾ ਵਿਕਾਸ ਹੁੰਦਾ ਗਿਆ। ਉਸਨੇ ਵੇਦ-ਸ਼ਾਸ਼ਤਰਾਂ ਦਾ ਅਧਿਐਨ ਕੀਤਾ ਅਤੇ ਭਗਵਦਚਿੰਤਨ ਵਿੱਚ ਰੁਝਾ ਰਹਿਣ ਲੱਗਾ। ਮਹਾਰਿਸ਼ੀ ਮਰਕੰਡ ਨੇ ਉਸਨੂੰ ਦੋ ਉਪਦੇਸ਼ ਦਿੱਤੇ, '' ਜੋ ਕੋਈ ਵੀ ਸੰਤ ਮਹਾਤਮਾ ਆਏ ਉਸਦੀ ਲਗਨ ਨਾਲ ਸੇਵਾ ਕਰਨਾ, ਉਸ ਨੂੰ ਖੁਸ਼ ਕਰਕੇ ਉਸਦਾ ਅਸ਼ੀਰਵਾਦ ਪ੍ਰਾਪਤ ਕਰਨਾ ਅਤੇ ਹਰ ਸਮੇਂ ਸਰਵਸ਼ਕਤੀਮਾਨ ਪ੍ਰਮਾਤਮਾ ਦਾ ਧਿਆਨ ਕਰਨਾ।''

ਮਾਰਕੰਡੇਯ ਨੇ ਆਪਣੇ ਪਿਤਾ ਦੀਆਂ ਦੋਹਾਂ ਆਗਿਆਵਾਂ ਦਾ ਪਾਲਣ ਕੀਤਾ। ਉਹ ਹਰ ਵਕਤ



ਭਗਵਤਚਿੰਤਨ (ਪ੍ਰਭੂ-ਭਗਤੀ) ਵਿੱਚ ਹੀ ਰਹਿੰਦਾ। ਅਗਰ ਕੋਈ ਮਹਾਤਮਾ ਆਸ਼ਰਮ ਆ ਜਾਂਦਾ ਤਾਂ ਉਹ ਪੂਰੇ ਮਨ ਨਾਲ ਉਸਦੀ ਸੇਵਾ ਕਰਦਾ। ਮਹਾਤਮਾ ਖੁਸ਼ ਹੋ ਕੇ ਅਸ਼ੀਰਵਾਦ ਦਿੰਦੇ ਜਿਸ ਦੇ ਫਲਸਰੂਪ ਉਸਦੇ ਗੁਣ ਹੋਰ ਨਿਖਰਣ ਲੱਗੇ।

ਇਕ ਵਾਰ ਸੱਤ ਰਿਸ਼ੀ ਮਹਾਰਿਸ਼ੀ ਮਰਕੰਡ ਦੇ ਆਸ਼ਰਮ ਵੱਲ ਆਏ। ਉਹਨਾਂ ਦੇ ਤੇਜ਼ਸਵੀ ਚਿਹਰਿਆਂ ਨੂੰ ਵੇਖ ਕੇ ਮਾਰਕੰਡੇਯ ਬਹੁਤ ਪ੍ਰਭਾਵਿਤ ਹੋਇਆ। ਉਸਨੇ ਉਹਨਾਂ ਨੂੰ ਸ਼ਰਧਾਪੂਰਵਕ ਪ੍ਰਣਾਮ ਕੀਤਾ ਅਤੇ ਉਹਨਾਂ ਦੀ ਸੇਵਾ ਵਿੱਚ ਜੁੱਟ ਗਿਆ। ਬਾਲਕ ਮਾਰਕੰਡੇਯ ਦੇ ਸੇਵਾ-ਭਾਵ ਅਤੇ ਭਗਤੀ-ਭਾਵ ਨੇ ਉਹਨਾਂ ਸੱਤ ਮਹਾਨ ਰਿਸ਼ੀਆਂ ਨੂੰ ਖੁਸ਼ ਕਰ ਦਿੱਤਾ। ਜਦ ਸੱਤੇ ਰਿਸ਼ੀ ਆਸ਼ਰਮ ਤੋਂ ਜਾਣ ਲੱਗੇ ਤਾਂ ਮਾਰਕੰਡੇਯ ਨੇ ਵਾਰੀ-ਵਾਰੀ ਪ੍ਰਣਾਮ ਕੀਤਾ। ਸਾਰਿਆਂ ਨੇ ਉਹਨੂੰ ਲੰਮੀ ਉਮਰ ਦਾ ਅਸ਼ੀਰਵਾਦ ਦਿੱਤਾ। ਤਦ ਰਿਸ਼ੀ ਭਾਰਦਵਾਜ ਦੀ ਨਿਗਾਹ ਮਾਰਕੰਡੇਯ ਦੇ ਮੱਥੇ ਤੇ ਪਈ। ਉਹਨਾਂ ਰਿਸ਼ੀਆਂ ਨੂੰ ਮੱਥੇ ਦੀਆਂ ਰੇਖਾਵਾਂ ਪੜ੍ਹਨ ਵਿੱਚ ਮੁਹਾਰਤ ਹਾਸਿਲ ਸੀ। ਮੱਥੇ ਦੀਆਂ ਰੇਖਾਵਾਂ ਨੂੰ ਵੇਖ ਕੇ ਉਹ ਹੈਰਾਨ ਹੋ ਗਏ। ਉਹਨਾਂ ਨੇ ਆਪਣੇ ਬਾਕੀ ਰਿਸ਼ੀਆਂ ਨੂੰ ਕਿਹਾ, ''ਅਸੀਂ ਸਾਰਿਆਂ ਨੇ ਇਸ ਬਾਲਕ ਨੂੰ ਲੰਮੀ ਉਮਰ ਹੋਣ ਦਾ ਅਸ਼ੀਰਵਾਦ ਤਾਂ ਦੇ ਦਿੱਤਾ ਹੈ, ਲੇਕਿਨ ਇਸਦੇ ਮੱਥੇ ਦੀਆਂ ਰੇਖਾਵਾਂ ਦੇ ਅਨੁਸਾਰ ਤਾਂ ਇਸਦੇ ਜੀਵਨ ਦੇ ਕੇਵਲ ਤਿੰਨ ਦਿਨ ਹੀ ਬਾਕੀ ਹਨ।''

ਰਿਸ਼ੀ ਭਾਰਦਵਾਜ ਦੀ ਗੱਲ ਸੁਣ ਕੇ ਸਾਰਿਆਂ ਦੀ ਨਿਗਾਹ ਬਾਲਕ ਮਾਰਕੰਡੇਯ ਦੇ ਮੱਥੇ ਤੇ ਟਿਕ ਗਈ। ਰਿਸ਼ੀ ਵਸ਼ਿਸ਼ਠ ਨੇ ਕਿਹਾ, ''ਵਿਧੀ ਦੇ ਅਨੁਸਾਰ ਤਾਂ ਇਸਦੇ ਜੀਵਨ ਦੇ ਕੇਵਲ ਤਿੰਨ ਦਿਨ ਬਾਕੀ ਹਨ, ਲੇਕਿਨ ਅਜਿਹੇ ਤੇਜਸਵੀ ਅਤੇ ਗੁਣਵਾਨ ਬਾਲਕ ਨੂੰ ਐਨੀ ਛੋਟੀ ਉਮਰ ਵਿੱਚ ਮੌਤ ਨਹੀਂ ਆਉਣੀ ਚਾਹੀਦੀ। ਸਾਰਿਆਂ ਨੇ ਇਹਨੂੰ ਲੰਮੀ ਉਮਰ ਹੋਣ ਦਾ ਅਸ਼ੀਰਵਾਦ ਵੀ ਦਿੱਤਾ ਹੈ। ਇਹ ਅਸ਼ੀਰਵਾਦ ਜ਼ਰੂਰ ਸੱਚ ਹੋਣਾ ਚਾਹੀਦਾ ਹੈ।'' ਬਾਕੀ ਸਾਰੇ ਰਿਸ਼ੀਆਂ ਨੇ ਵਸ਼ਿਸ਼ਠ ਜੀ ਦੀਆਂ ਗੱਲਾਂ ਦੀ ਹਾਮੀ ਭਰੀ।

ਬਹੁਤ ਸੋਚ-ਵਿਚਾਰ ਦੇ ਬਾਅਦ ਸੱਤੇ ਰਿਸ਼ੀ ਬ੍ਰਹਮਲੋਕ ਵਿੱਚ ਪਹੁੰਚੇ। ਬ੍ਰਹਮਾ ਜੀ ਨੇ ਉਹਨਾਂ ਦਾ ਖ਼ੂਬ ਆਦਰ-ਮਾਣ ਕੀਤਾ ਅਤੇ ਫਿਰ ਕਿਹਾ, ''ਆਪ ਬਾਲਕ ਮਾਰਕੰਡੇਯ ਦੀ ਚਿੰਤਾ ਨਾ ਕਰੋ। ਮਹਾਤਮਾਵਾਂ ਦੁਆਰਾ ਸਹਿਜ ਵਿੱਚ ਦਿਤਾ ਗਿਆ



ਵਰਦਾਨ ਝੂਠਾ ਨਹੀਂ ਹੋ ਸਕਦਾ। ਆਪ ਲੋਕ ਚਿੰਤਾ ਨਾ ਕਰੋ। ਸਭ ਕੁਝ ਭਗਵਾਨ ਤੇ ਛੱਡ ਦਿਉ। ਉਹ ਹੋਣੀ ਨੂੰ ਟਾਲ ਦੇਣਗੇ।''

ਹੋਇਆ ਵੀ ਇੰਝ ਹੀ। ਗਣਨਾ ਦੇ ਅਨੁਸਾਰ ਜੋ ਮਾਰਕੰਡੇਯ ਦੇ ਜੀਵਨ ਦਾ ਆਖਰੀ ਦਿਨ ਸੀ, ਉਸ ਦਿਨ ਸਾਰੇ ਭਗਵਾਨ ਦੇ ਧਿਆਨ ਵਿੱਚ ਮਗਨ ਰਹੇ। ਇਕ ਵਾਰ ਮਾਰਕੰਡੇਯ ਨੂੰ ਅਜਿਹਾ ਲੱਗਾ ਕਿ ਜਿਵੇਂ ਕੋਈ ਉਸਦੇ ਪ੍ਰਾਣਾਂ ਨੂੰ ਖਿੱਚਣਾ ਚਾਹੁੰਦਾ ਹੈ, ਉਸ ਨੂੰ ਆਪਣੇ ਸਾਹ ਰੁਕਦੇ ਜਿਹੇ ਲਗੇ। ਲੇਕਿਨ ਤਦ ਉਹਨੂੰ ਇੰਝ ਲੱਗਾ ਜਿਵੇਂ ਪ੍ਰਤੱਖ ਭਗਵਾਨ ਸ਼ਿਵ ਉਹਨੂੰ ਸਹਿਲਾ ਰਹੇ ਹਨ, ਪਿਆਰ ਕਰ ਰਹੇ ਹਨ ਅਤੇ ਫਿਰ ਉਹ ਦਿਨ ਬਿਨਾ ਕਿਸੇ ਦੁਰਘਟਨਾ ਦੇ ਗੁਜਰ ਗਿਆ।

ਮਹਾਤਮਾਵਾਂ ਦੇ ਅਸ਼ੀਰਵਾਦ ਨਾਲ ਛੋਟੇ ਜੀਵਨ ਵਾਲਾ ਮਾਰਕੰਡੇਯ ਚਿਰਾਯੂ (ਲੰਮੀ ਉਮਰ ਵਾਲਾ) ਹੋ ਗਿਆ। ਇਸ ਲਈ ਸਦਾ ਮਹਾਤਮਾਵਾਂ ਦਾ ਆਦਰ ਕਰੋ, ਸਦਾ ਉਹਨਾਂ ਦੀ ਸੇਵਾ ਕਰੋ, ਉਹਨਾਂ ਦਾ ਅਸ਼ੀਰਵਾਦ ਪ੍ਰਾਪਤ ਕਰੋ ਕਿਉਂਕਿ ਮਹਾਤਮਾਵਾਂ ਦੇ ਅਸ਼ੀਰਵਾਦ ਨਾਲ ਹੋਣੀ ਵੀ ਟਲ ਜਾਂਦੀ ਹੈ, ਭਾਗਹੀਨ ਵੀ ਭਾਗਵਾਨ ਬਣ ਜਾਂਦਾ ਹੈ।

(ਸੁਨਾ ਆਪ ਸੇ ਕਹਾ ਆਪ ਸੇ ਵਿਚੋਂ)

ਪ੍ਰੇਰਕ-ਪ੍ਰਸੰਗ : ਜੈਇੰਦਰ

# ਸਵਰਾਜ ਮਹਾਂਮੰਤਰ ਦੇ ਨਾਇਕ ...



'ਸਵਰਾਜ ਮੇਰਾ ਜਨਮਸਿੱਧ ਅਧਿਕਾਰ ਹੈ ਅਤੇ ਮੈਂ ਇਹਨੂੰ ਲੈ ਕੇ ਹੀ ਰਹਾਂਗਾ।'

ਲੋਕਮਾਨਯ ਤਿਲਕ ਨੇ ਹੀ ਇਹ ਮਹਾਂਮੰਤਰ ਦੇਸ਼ ਨੂੰ ਦਿਤਾ ਅਤੇ ਉਹ ਸਵਰਾਜ ਲਈ ਉਮਰਭਰ ਯਤਨ ਕਰਦੇ ਰਹੇ। ਇਕ ਵਾਰ ਉਹਨਾਂ ਨੂੰ ਕਿਸੇ ਮਿੱਤਰ ਨੇ ਪੁੱਛਿਆ- ਸਵਰਾਜ ਪ੍ਰਾਪਤ ਹੋਣ ਦੇ ਬਾਅਦ ਆਪ ਕਿਹੜਾ ਕੰਮ ਲਵੋਗੇ, ਪ੍ਰਧਾਨਮੰਤਰੀ ਦਾ ਜਾਂ ਮੰਤਰੀ ਦਾ?

ਲੋਕਮਾਨਯ ਤਿਲਕ ਨੇ ਸਹਿਜ ਸਾਦਗੀ ਨਾਲ ਕਿਹਾ- ਭਾਈ ਮੇਰਾ ਕੰਮ ਸਵਰਾਜ ਪ੍ਰਾਪਤ ਹੋ ਜਾਣ ਦੇ ਬਾਅਦ ਸਮਾਪਤ ਹੋ ਜਾਏਗਾ ਤਦ ਕਿਸੇ ਕਾਲਜ ਵਿੱਚ ਅਧਿਆਪਕ ਲਗ ਜਾਵਾਂਗਾ। ਹਾਂ, ਹੁਣ ਤਕ ਮੇਰਾ ਇਹੀ ਇਰਾਦਾ ਹੈ।

ਤਿਲਕ ਨੂੰ ਉਂਝ ਪੁਸਤਕਾਂ ਨਾਲ ਵੀ ਬੜਾ ਪ੍ਰੇਮ ਸੀ। ਪੁਸਤਕ ਸੰਬੰਧੀ ਇਹ ਘਟਨਾ ਉਹਨਾਂ ਦੇ ਵਿਆਹ ਦੇ ਸਮੇਂ ਦੀ ਹੈ। ਸ਼ਾਦੀ ਦੀ ਰਸਮ ਦੇ ਬਾਦ ਉਹਨਾਂ ਦੇ ਸਹੁਰਾ ਸਾਹਿਬ ਨੇ ਪੁੱਛਿਆ - ਜਵਾਈ ਜੀ, ਦਹੇਜ਼ ਵਿੱਚ ਕੀ ਲੈਣਾ ਪਸੰਦ ਕਰੋਗੇ? ਘੜੀ, ਕੀਮਤੀ ਵਸਤਰ, ਚਾਂਦੀ ਦੇ ਬਰਤਨ, ਮੋਤੀਆਂ ਦੀ ਮਾਲਾ, ਸਾਈਕਲ ਜਾਂ ਚੰਦਨ ਦਾ ਸੰਦੂਕ?

ਇਸ ਤੇ ਤਿਲਕ ਜੀ ਨੇ ਮੁਸਕਰਾਉਂਦੇ ਹੋਏ ਕਿਹਾ - ਮੈਨੂੰ ਇਹਨਾਂ ਮਹਿੰਗੀਆਂ ਵਸਤੂਆਂ ਵਿਚੋਂ ਕਿਸੇ ਦੀ ਵੀ ਲੋੜ ਨਹੀਂ ਹੈ, ਮੈਂ ਘੜੀ, ਕੀਮਤੀ ਵਸਤਰ, ਚਾਂਦੀ ਦੇ ਬਰਤਨ, ਮੋਤੀਆਂ ਦੀ ਮਾਲਾ ਜਾਂ ਸਾਈਕਲ ਆਦਿ ਕੁਝ ਨਹੀਂ ਚਾਹੁੰਦਾ। ਹਾਂ, ਅਗਰ ਆਪ ਦਹੇਜ ਦੀ ਰਸਮ ਮੁਤਾਬਿਕ ਕੁਝ ਦੇਣਾ ਹੀ ਚਾਹੁੰਦੇ ਹੋ ਤਾਂ ਮੈਨੂੰ ਸਿਖਿਆਦਾਇਕ ਅਤੇ ਉਪਯੋਗੀ ਅਜਿਹੀਆਂ ਪੁਸਤਕਾਂ ਦਿਉ ਜੋ ਮੇਰੇ ਜੀਵਨ ਵਿੱਚ ਸਹਾਇਕ ਹੋਣ, ਜਿਹਨਾਂ ਦੇ ਮਾਧਿਅਮ ਨਾਲ ਮੈਂ ਸਮਾਜ ਅਤੇ ਦੇਸ਼ ਨੂੰ ਚੰਗੀ ਤਰ੍ਹਾਂ ਸਮਝ ਸਕਾਂ ਅਤੇ ਅਜਿਹਾ ਹੀ ਉਜਵਲ ਗਿਆਨ ਆਪਣੇ ਵਿਦਿਆਰਥੀਆਂ, ਪਰਿਵਾਰ ਦੇ ਮੈਂਬਰਾਂ ਅਤੇ ਸਮਾਜ ਨੂੰ ਦੇ ਸਕਾਂ।

ਆਪਣੇ ਜਵਾਈ ਦੇ ਮੂੰਹੋਂ ਅਜਿਹੀ ਗੱਲ ਸੁਣ ਕੇ ਸਹੁਰਾ ਸਾਹਿਬ ਗਦ-ਗਦ ਹੋ ਉਠੇ। ਉਹਨਾਂ ਦੀਆਂ ਅੱਖਾਂ ਵਿੱਚ ਖੁਸ਼ੀ ਦੇ ਹੰਝੂ ਆ ਗਏ ਅਤੇ ਉਹਨਾਂ ਨੇ ਆਪਣੇ ਜਵਾਈ ਨੂੰ ਇਕ ਦਰਜਨ ਸਿਖਿਆਦਾਇਕ ਪੁਸਤਕਾਂ ਭੇਂਟ ਵਿੱਚ ਦਿੱਤੀਆਂ। ਪੁਸਤਕਾਂ ਪਾ ਕੇ ਤਿਲਕ ਬੜੇ ਖੁਸ਼ ਹੋਏ ਅਤੇ ਇਹਨਾਂ ਪੁਸਤਕਾਂ ਦੀ ਬਦੌਲਤ ਹੀ ਉਹ ਦੇਸ਼ ਅਤੇ ਸਮਾਜ ਦੀ ਸੇਵਾ ਵਿੱਚ ਤਨ-ਮਨ ਨਾਲ ਜੁੱਟ ਗਏ।

ਭਾਰਤੀ ਇਤਿਹਾਸ ਵਿੱਚ ਲੋਕਮਾਨਯ ਬਾਲ ਗੰਗਾਧਰ ਤਿਲਕ ਦਾ ਪੁਸਤਕ ਪ੍ਰੇਮ ਸਾਨੂੰ ਜੀਣ ਦੀ ਇਕ ਨਵੀਂ ਰਾਹ ਵਿਖਾਉਂਦਾ ਹੈ।



ਇਤਿਹਾਸਕ ਕਹਾਣੀ : ਲਾਲ ਸਿੰਘ

# ਬਹਾਦੁਰ ਮਹਾਰਾਣੀ

ਉਰਈ ਦੇ ਮਹਾਰਾਜ ਮਾਹਿਲ ਦੀਆਂ ਤਿੰਨ ਭੈਣਾਂ ਸਨ। ਇਕ ਦਿਨ ਉਸਨੇ ਤਿੰਨਾਂ ਨੂੰ ਬੁਲਾ ਕੇ ਪੁੱਛਿਆ – ਤੁਸੀਂ ਕਿਸ ਦਾ ਦਿੱਤਾ ਖਾਂਦੀਆਂ ਹੋ?

ਦੋ ਨੇ ਜਵਾਬ ਦਿੱਤਾ – ਮਹਾਰਾਜ! ਸਾਡਾ ਜੀਵਨ ਤਾਂ ਤੁਹਾਡੇ ਸਹਾਰੇ ਚਲ ਰਿਹਾ ਹੈ। ਆਪ ਜੋ ਵੀ ਸਾਨੂੰ ਦਿੰਦੇ ਹੋ ਉਹੀ ਅਸੀਂ ਖਾਂਦੀਆਂ ਹਾਂ। ਆਪ ਸਾਡੇ ਪਾਲਣਹਾਰ ਹੋ।

ਛੋਟੀ ਭੈਣ ਮਲਨਾ ਸ਼ਾਂਤ ਖੜੀ ਰਹੀ। ਉਹਨੂੰ ਚੁੱਪ ਵੇਖ ਕੇ ਮਹਾਰਾਜ ਮਾਹਿਲ ਨੇ ਉਸ ਅਗੇ ਆਪਣਾ ਸਵਾਲ ਫਿਰ ਦੁਹਰਾਇਆ – ਮਲਨਾ ਦੱਸ! ਤੂੰ ਕਿਸ ਦਾ ਦਿੱਤਾ ਖਾਂਦੀ ਹੈਂ?

ਮਲਨਾ ਨੇ ਜਵਾਬ ਦਿੱਤਾ– ਮਹਾਰਾਜ! ਪੂਰੇ ਸੰਸਾਰ ਦਾ ਪਾਲਣਹਾਰ ਤਾਂ ਇਕ ਹੀ ਹੈ। ਉਹ ਤੁਹਾਨੂੰ ਵੀ ਦਿੰਦਾ ਹੈ ਅਤੇ ਮੈਨੂੰ ਵੀ ਦਿੰਦਾ ਹੈ। ਉਸਨੂੰ ਪ੍ਰਮਾਤਮਾ ਕਹਿੰਦੇ ਹਨ। ਇਹ ਸਰਵਸ਼ਕਤੀਮਾਨ ਹੈ।

ਰਾਜਾ ਮਾਹਿਲ ਮਲਨਾ ਦੇ ਉੱਤਰ ਨੂੰ ਸੁਣ ਕੇ ਕ੍ਰੋਧਿਤ ਹੋ ਉਠਿਆ ਅਤੇ ਉਸਨੇ ਆਪਣੀ ਭੈਣ ਨੂੰ ਕਿਹਾ– ਮੈਂ ਤੇਰੇ ਇਸ ਸਰਵਸ਼ਕਤੀਮਾਨ ਪ੍ਰਮਾਤਮਾ ਦੀ ਪ੍ਰੀਖਿਆ ਲਵਾਂਗਾ ਅਤੇ ਮੈਂ ਵੇਖਾਂਗਾ ਕਿ ਉਸਦੇ ਅੰਦਰ ਕਿੰਨੀ ਸ਼ਕਤੀ ਹੈ।

ਪ੍ਰਮਾਤਮਾ ਦੀ ਸ਼ਕਤੀ ਨੂੰ ਪਰਖਣ ਲਈ ਉਸਨੇ ਆਪਣੀ ਸਭ ਤੋਂ ਵੱਡੀ ਭੈਣ ਦਾ ਵਿਆਹ ਇੰਦਰਪ੍ਰਸਥ (ਦਿੱਲੀ) ਦੇ ਸਮਰਾਟ ਪ੍ਰਿਥਵੀਰਾਜ ਨਾਲ ਕੀਤਾ ਅਤੇ ਵਿਚਕਾਰਲੀ ਭੈਣ ਦਾ ਹੱਥ ਕੰਨੌਜ ਦੇ ਰਾਜਾ ਜੈਚੰਦ ਦੇ ਹੱਥ ਵਿੱਚ ਦੇ ਦਿੱਤਾ।

ਮਲਨਾ ਲਈ ਉਹਨਾਂ ਨੇ ਕੁਝ ਲੋਕਾਂ ਨੂੰ ਵਰ ਲੱਭਣ ਲਈ ਕਿਹਾ ਅਤੇ ਉਹਨਾਂ ਨੂੰ ਆਦੇਸ਼ ਦਿੱਤਾ ਕਿ ਜੋ ਵਿਅਕਤੀ ਦੀਨ–ਹੀਨ ਅਤੇ ਨਿਰਧਨ ਹੋਵੇ, ਅਜਿਹਾ ਵਿਅਕਤੀ ਲੱਭ ਕੇ ਮੈਨੂੰ ਸੂਚਨਾ ਦਿਉ। ਮਲਨਾ ਲਈ ਵਰ ਲੱਭਦੇ-ਲੱਭਦੇ ਉਹ (ਅੱਜ ਜਿਸ ਥਾਂ ਤੇ ਮਹੋਬਾ ਸ਼ਹਿਰ ਹੈ) ਇਕ ਸਥਾਨ ਤੇ ਆਏ ਅਤੇ ਉਹਨਾਂ ਨੇ ਵੇਖਿਆ ਕਿ ਇਕ ਦੀਨਹੀਨ ਆਦਮੀ ਹੈ। ਉਸਦੇ ਹੱਥ ਪੈਰ ਸੁਕ ਦੇ ਲੱਕੜੀ ਵਾਂਗ ਹੋ ਗਏ ਹਨ ਅਤੇ ਉਸਦਾ ਪੇਟ ਵਧਿਆ ਹੋਇਆ ਹੈ, ਉਸਦਾ ਰੰਗ ਵੀ ਕਾਲਾ ਹੈ ਅਤੇ ਜੋ ਵੇਖਣ ਵਿੱਚ ਬਹੁਤ ਹੀ ਭੱਦਾ ਹੈ।

ਉਹਨਾਂ ਨੂੰ ਲਗਿਆ ਕਿ ਮਹਾਰਾਜ ਸ਼ਾਇਦ ਅਜਿਹੇ ਹੀ ਆਦਮੀ ਨਾਲ ਭੈਣ ਦਾ ਵਿਆਹ ਕਰਨਾ ਪਸੰਦ ਕਰਨਗੇ ਅਤੇ ਸਾਨੂੰ ਪੁਰਸਕਾਰ ਦੇਣਗੇ। ਉਹ ਉਹਨੂੰ ਉਰਈ ਵਿੱਚ ਮਹਾਰਾਜ ਮਾਹਿਲ ਦੇ ਕੋਲ ਲੈ ਗਏ। ਛੋਟੀ ਭੈਣ ਮਲਨਾ ਲਈ ਅਜਿਹੇ ਪਤੀ ਦੀ ਭਾਲ ਕਰਨ ਤੇ ਮਹਾਰਾਜ ਮਾਹਿਲ ਆਪਣੀ ਸਫਲਤਾ ਤੇ ਬਹੁਤ ਹੀ ਖੁਸ਼ ਹੋਏ।

ਮਲਨਾ ਨੂੰ ਮਹਾਰਾਜ ਮਾਹਿਲ ਨੇ ਬੁਲਵਾਇਆ ਅਤੇ ਉਹਨੂੰ ਆਦੇਸ਼ ਦਿੱਤਾ ਕਿ ਉਹ ਉਹਦੇ ਨਾਲ ਸ਼ਾਦੀ ਕਰੇ ਅਤੇ ਪ੍ਰਮਾਤਮਾ ਦੇ ਸਰਵਸ਼ਕਤੀਮਾਨ ਹੋਣ ਦੀ ਪਛਾਣ ਕਰਵਾਏ।

ਮਲਨਾ ਨੇ ਬਿਨਾ ਕਿਸੇ ਸੰਕੋਚ ਦੇ ਪ੍ਰਮਾਤਮਾ ਤੇ ਵਿਸ਼ਵਾਸ਼ ਕਰਦੇ ਹੋਏ ਬੀਮਾਰ ਅਤੇ ਬਦਰੂਪ ਆਦਮੀ ਨਾਲ ਵਿਆਹ ਸਵੀਕਾਰ ਕਰ ਲਿਆ।

ਮਲਨਾ ਦਾ ਇਹ ਸਾਹਸ ਵੇਖ ਕੇ ਰਾਜਾ ਮਾਹਿਲ ਅੱਗ-ਬਬੂਲਾ ਹੋ ਉਠਿਆ ਅਤੇ ਮਲਨਾ ਨੂੰ ਦਹੇਜ ਤੇ ਨਾਮ ਤੇ ਫੁੱਟੀ ਕੋਡੀ ਵੀ ਨਹੀਂ ਦਿੱਤੀ। ਮਲਨਾ ਖਾਲੀ ਹੱਥ ਉਰਈ ਤੋਂ ਆਪਣੇ ਪਤੀ ਦੇ ਨਾਲ ਮਹੋਬਾ ਪਿੰਡ ਵੱਲ ਚਲ ਪਈ।

ਮਲਨਾ ਦੇ ਪਤੀ ਪਰਿਮਾਲ ਨੂੰ ਇਸ ਗੱਲ ਤੇ ਬਹੁਤ



ਹੀ ਦੁੱਖ ਸੀ ਕਿ ਉਸਦੇ ਕਾਰਣ ਇਕ ਰਾਜਕੁਮਾਰੀ ਦਾ ਜੀਵਨ ਤਬਾਹ ਹੋ ਗਿਆ ਹੈ। ਉਹ ਪਛਤਾਵੇ ਦੇ ਹੰਝੂ ਵਹਾਉਂਦਾ ਹੋਇਆ ਮਲਨਾ ਦੇ ਨਾਲ ਆਪਣੇ ਪਿੰਡ ਵੱਲ ਵਧਦਾ ਚਲਾ ਜਾ ਰਿਹਾ ਸੀ।

ਪਿੰਡ ਦੀ ਸੀਮਾ ਦੇ ਕੋਲ ਪਹੁੰਚ ਕੇ ਪਰਿਮਾਲ ਫੁੱਟ-ਫੁੱਟ ਕੇ ਰੋਣ ਲੱਗਾ ਲੇਕਿਨ ਮਲਨਾ ਨੇ ਪਰਿਮਾਲ ਨੂੰ ਹੌਸਲਾ ਦਿੱਤਾ ਅਤੇ ਪ੍ਰਮਾਤਮਾ ਦੀ ਸ਼ਕਤੀ ਤੇ ਵਿਸ਼ਵਾਸ਼ ਰੱਖਣ ਦੀ ਪ੍ਰੇਰਣਾ ਦਿੱਤੀ।

ਮਹੋਬਾ ਪਿੰਡ ਉਸ ਸਮੇਂ ਅੱਠ-ਦਸ ਝੌਂਪੜੀਆਂ ਦਾ ਹੀ ਪਿੰਡ ਸੀ। ਇਕ ਝੌਂਪੜੀ ਦੇ ਅਗੇ ਜਾ ਕੇ ਪਰਿਮਾਲ ਨੇ ਕਿਹਾ ਇਹ ਤੁਹਾਡੇ ਪਤੀ ਦਾ ਘਰ ਹੈ। ਮਲਨਾ ਨੇ ਉਸ ਵਿੱਚ ਨਿਰਸੰਕੋਚ ਪ੍ਰਵੇਸ਼ ਕੀਤਾ ਅਤੇ ਪਤੀ ਦੀ ਸੇਵਾ ਕਰਦੇ ਹੋਏ ਉਸ ਵਿੱਚ ਰਹਿਣ ਲੱਗੀ।

ਇਕ ਸ਼ਾਮ ਮਲਨਾ ਬਹੁਤ ਉਦਾਸ ਸੀ। ਉਸਦੀ ਉਦਾਸੀ ਦਾ ਕਾਰਣ ਸੀ ਉਸਦਾ ਵਰਤ ਰੱਖਣਾ। ਭਰਾ ਦੇ ਘਰ ਜਦ ਉਹ ਸੀ ਤਦ ਤਾਂ ਉਹ ਆਪਣੇ ਵਰਤ ਦੀ ਪੂਰਣਤਾ ਤੇ ਬੱਚਿਆਂ ਨੂੰ ਖਾਣਾ ਖਵਾਉਂਦੀ ਸੀ, ਉਹਨਾਂ ਨੂੰ ਧਨ, ਵਸਤਰ ਦਿੰਦੀ ਸੀ। ਇਸੇ ਉਦੇੜਬੁਨ ਵਿੱਚ ਰਾਤ ਦੇ ਤਿੰਨ ਪਹਿਰ ਕਦੋਂ ਬੀਤ ਗਏ ਉਹਨੂੰ ਪਤਾ ਹੀ ਨਹੀਂ ਲੱਗਾ। ਉਹਨੂੰ ਨੀਂਦ ਦਾ ਹਲਕਾ ਜਿਹਾ ਝੌਂਕਾ ਆਇਆ ਤਾਂ ਉਹਨੂੰ ਲੱਗਾ ਕਿ ਜਿਵੇਂ ਝੌਂਪੜੀ ਦੇ ਪਿਛੇ ਕੁਝ ਖੁਸਰ-ਫੁਸਰ ਹੋ ਰਹੀ ਹੈ। ਹੌਲੀ-ਹੌਲੀ ਆਵਾਜ਼ਾਂ ਸੁਣਾਈ ਦੇਣੀਆਂ ਸ਼ੁਰੂ ਹੋਈਆਂ।

ਇਕ ਵਿਅਕਤੀ ਦੂਸਰੇ ਵਿਅਕਤੀ ਨੂੰ ਕਹਿ ਰਿਹਾ ਸੀ ਕਿ ਇਹ ਜੋ ਪਰਿਮਾਲ ਠਾਕੁਰ ਹੈ ਅਗਰ ਇਕ ਕਾਂ ਮਾਰ ਕੇ ਉਹਨੂੰ ਤੇਲ ਵਿੱਚ ਪਕਾਇਆ ਜਾਏ ਅਤੇ ਉਸ ਤੇਲ ਨਾਲ ਪਰਿਮਾਲ ਦੀ ਮਾਲਿਸ਼ ਕੀਤੀ ਜਾਏ ਤਾਂ ਇਹ ਠੀਕ ਹੋ ਜਾਏਗਾ।

ਦੂਸਰਾ ਵਿਅਕਤੀ ਬੋਲਿਆ - ਇਹ ਜੋ ਸਾਹਮਣੇ ਸੱਪ ਦੀ ਖੁੱਡ ਹੈ ਅਗਰ ਇਸ ਨੂੰ ਖੋਦਿਆ ਜਾਏ ਤਾਂ ਅਪਾਰ ਸੰਪਤੀ ਪ੍ਰਾਪਤ ਹੋਏਗੀ। ਪੁਰਖੇ ਦੱਸਦੇ ਹਨ ਕਿ ਇਥੇ ਖਜ਼ਾਨਾ ਦੱਬਿਆ ਹੋਇਆ ਹੈ ਅਤੇ ਸੱਪ ਉਸਦੀ ਰਾਖੀ ਕਰਦਾ ਹੈ।





ਮਲਨਾ ਨੇ ਝੌਂਪੜੀ ਤੋਂ ਬਾਹਰ ਨਿਕਲ ਕੇ ਵੇਖਿਆ ਉਥੇ ਕੋਈ ਨਹੀਂ ਸੀ। ਉਸ ਨੂੰ ਲੱਗਿਆ ਕਿ ਇਹ ਸ਼ਾਇਦ ਉਸਦੇ ਅੰਦਰ ਦੀ ਆਵਾਜ਼ ਸੀ।

ਸਵੇਰ ਨੂੰ ਮਲਨਾ ਨੇ ਚਿੜੀਮਾਰਾਂ ਨੂੰ ਬੁਲਾ ਕੇ ਇਕ ਕਾਂ ਨੂੰ ਪਕੜਵਾ ਲਿਆ। ਉਹਨੂੰ ਤੇਲ ਵਿੱਚ ਪਕਾ ਕੇ, ਉਸ ਤੇਲ ਨਾਲ ਆਪਣੇ ਪਤੀ ਪਰਿਮਾਲ ਦੀ ਮਾਲਿਸ਼ ਕੀਤੀ। ਇੰਝ ਕਰਨ ਦਾ ਹੈਰਾਨੀਜਨਕ ਪ੍ਰਭਾਵ ਹੋਇਆ ਅਤੇ ਪਰਿਮਾਲ ਕੁਝ ਹੀ ਦਿਨਾਂ ਵਿੱਚ ਸਿਹਤਮੰਦ ਹੋ ਗਿਆ।

ਪਹਿਲੇ ਵਿਅਕਤੀ ਦੀ ਗੱਲ ਨੂੰ ਅਜਮਾ ਲੈਣ ਦੇ ਬਾਦ ਮਲਨਾ ਨੇ ਦੂਸਰੇ ਵਿਅਕਤੀ ਦੀ ਗੱਲ ਆਪਣੇ ਪਤੀ ਨੂੰ ਦੱਸੀ।

ਪਰਿਮਾਲ ਨੇ ਕਿਹਾ ਕਿ ਇਸ ਖੁੱਡ ਵਿੱਚ ਤਾਂ ਇਕ ਨਾਗ ਰਹਿੰਦਾ ਹੈ ਜੋ ਬਹੁਤ ਜ਼ਹਿਰੀਲਾ ਹੈ। ਇਹ ਤਾਂ ਬੜਾ ਕਠਿਨ ਕੰਮ ਹੈ।

ਮਲਨਾ ਬੋਲੀ- ਵੱਡੇ ਕੰਮ ਦੀ ਸਫਲਤਾ ਲਈ ਯਤਨ ਵੀ ਵੱਡੇ ਹੀ ਕਰਨੇ ਪੈਂਦੇ ਹਨ। ਘਬਰਾਉ ਨਹੀਂ ਇਸ ਖੁੱਡ ਵਿੱਚ ਗਰਮ ਤੇਲ ਪਵਾਉ। ਸੱਪ ਜਾਂ ਤਾਂ ਮਰ ਜਾਏਗਾ ਜਾਂ ਖੁੱਡ ਛੱਡ ਕੇ ਭੱਜ ਜਾਏਗਾ। ਪ੍ਰੰਤੂ ਸਾਡੇ ਕੋਲ ਦੂਸਰੇ ਆਦਮੀ ਦੀ ਗੱਲ ਤੇ ਅਵਿਸ਼ਵਾਸ ਕਰਨ ਦਾ ਕੋਈ ਵੀ ਕਾਰਣ ਨਹੀਂ ਹੈ। ਇਕ ਵਾਰ ਯਤਨ ਜ਼ਰੂਰ ਕਰ ਲੈਣਾ ਚਾਹੀਦਾ ਹੈ।

ਪਰਿਮਾਲ ਨੇ ਤੇਲ ਗਰਮ ਕੀਤਾ ਅਤੇ ਖੁੱਡ ਵਿੱਚ ਭਰਿਆ। ਸੱਪ ਉਸ ਵਿਚੋਂ ਅਧ-ਮਰਿਆ ਜਿਹਾ ਬਾਹਰ ਨਿਕਲ



ਆਇਆ। ਪਰਿਮਾਲ ਨੇ ਉਹਨੂੰ ਆਸਾਨੀ ਨਾਲ ਮਾਰ ਦਿੱਤਾ। ਹੁਣ ਉਹਨਾਂ ਨੇ ਹੌਲੀ-ਹੌਲੀ ਖੁੱਡ ਦੀ ਖੁਦਾਈ ਕਰਨੀ ਸ਼ੁਰੂ ਕੀਤੀ ਕੁਝ ਹੀ ਗਹਿਰਾ ਖੋਦਣ ਤੇ ਉਹਨਾਂ ਨੂੰ ਉਥੋਂ ਅਪਾਰ ਸੋਨਾ ਅਤੇ ਹੀਰੇ-ਮਾਣਕ ਆਦਿ ਮਿਲਣੇ ਸ਼ੁਰੂ ਹੋ ਗਏ।

ਪ੍ਰਾਪਤ ਧਨ ਨਾਲ ਮਲਨਾ ਨੇ ਇਕ ਕਿਲਾ ਬਣਵਾਇਆ। ਸੈਨਾ ਇੱਕਠੀ ਕੀਤੀ। ਸੈਨਾਪਤੀ ਜਸਰਾਜ ਅਤੇ ਵੱਛਰਾਜ (ਜੋ ਦੋਵੇਂ ਭਰਾ ਸਨ) ਨੂੰ ਬਣਾਇਆ।

ਜਸਰਾਜ-ਵੱਛਰਾਜ ਨੇ ਲੜਾਈ ਦੇ ਮੈਦਾਨ ਵਿੱਚ ਰਾਜਾ ਮਾਹਿਲ ਨੂੰ ਹਰਾ ਕੇ ਉਸਦੇ ਪੰਜਾਹ ਪਿੰਡਾਂ ਤੇ ਕਬਜਾ ਕਰ ਲਿਆ ਅਤੇ ਮਾਹਿਲ ਅਤੇ ਉਸਦੇ ਪੁੱਤਰ ਨੂੰ ਬੰਦੀ ਬਣਾ ਕੇ ਰਾਣੀ ਮਲਨਾ ਦੇ ਸਾਹਮਣੇ ਹਾਜ਼ਿਰ ਕੀਤਾ।


ਮਲਨਾ ਨੇ ਮਾਹਿਲ ਨੂੰ ਪੁੱਛਿਆ - ਮਹਾਰਾਜ ਮਾਹਿਲ, ਹੁਣ ਦੱਸੋ, ਮੈਂ ਕਿਸ ਦਾ ਦਿੱਤਾ ਖਾਂਦੀ ਹਾਂ? ਤੁਸੀਂ ਪ੍ਰਮਾਤਮਾ ਦੀ ਸ਼ਕਤੀ ਨੂੰ ਵੇਖ ਲਿਆ ਜਾਂ ਨਹੀਂ?

ਸਾਰੇ ਹੈਰਾਨ ਸਨ। ਮਾਹਿਲ ਮਹਾਰਾਜ ਗੁੰਮਸੁਮ ਬੰਦੀ ਬਣੇ ਖੜੇ ਰਹੇ। ਕੁਝ ਦੇਰ ਬਾਦ ਰਾਣੀ ਮਲਨਾ ਨੇ ਮਾਹਿਲ ਨੂੰ ਮੁਕਤ ਕਰਨ ਦਾ ਆਦੇਸ਼ ਜਾਰੀ ਕੀਤਾ ਅਤੇ ਉਹਨਾਂ ਦੇ ਪੰਜਾਹ ਪਿੰਡ ਵੀ ਉਹਨਾਂ ਨੂੰ ਵਾਪਸ ਕਰ ਦਿੱਤੇ। ਰਾਣੀ ਨੇ ਉਹਨੂੰ ਆਪਣੇ ਪਤੀ ਦੇ ਸਾਹਮਣੇ ਵੀ ਪੇਸ਼ ਕੀਤਾ। ਰਾਜਾ ਉਸ ਸੁੰਦਰ ਨੌਜਵਾਨ ਨੂੰ ਵੇਖ ਕੇ ਵੀ ਹੈਰਾਨ ਹੋ ਗਿਆ।

ਉਤਾਰ-ਚੜ੍ਹਾਅ ਹਰੇਕ ਮਨੁੱਖ ਦੇ ਜੀਵਨ ਵਿੱਚ ਸੁਭਾਵਿਕ ਪ੍ਰਕ੍ਰਿਆ ਹੈ। ਇਹੀ ਸਿਲਸਿਲਾ ਮਹਾਰਾਣੀ ਮਲਨਾ ਦੇ ਨਾਲ ਵੀ ਬਣਿਆ। ਜਸਰਾਜ ਅਤੇ ਵੱਛਰਾਜ ਦੀ ਇਕ ਲੜਾਈ ਵਿੱਚ ਮੌਤ ਹੋ ਗਈ। ਇਹਨਾਂ ਦੋਹਾਂ ਦੇ ਮਾਰੇ ਜਾਣ ਦੇ ਬਾਅਦ ਮਲਨਾ ਅਕਸਰ ਬੇਸਹਾਰਾ ਅਵਸਥਾ ਵਿੱਚ ਆ ਗਈ ਉਹਨਾਂ ਨੇ ਬੜੇ ਹੌਸਲੇ ਨਾਲ ਜਸਰਾਜ ਅਤੇ ਬੱਛਰਾਜ ਦੇ ਪੁੱਤਰ ਆਲਹਾ ਅਤੇ ਊਦਲ ਦਾ ਲਾਲਨ-ਪਾਲਨ ਕੀਤਾ। ਆਲਹਾ ਅਤੇ ਊਦਲ ਆਪਣੇ ਪਿਤਾ ਤੋਂ ਵੀ ਵੱਡੇ ਵੀਰ ਪੁਰਸ਼ ਹੋਏ। ਮਲਨਾ ਨੇ ਉਹਨਾਂ ਨੂੰ ਆਪਣੀ ਸੈਨਾ ਦਾ ਮੁੱਖ ਨਾਇਕ ਨਿਯੁਕਤ ਕੀਤਾ। ਆਲਹਾ ਅਤੇ ਊਦਲ ਦੇ ਅੰਦਰ ਸਵਾਮੀ-ਭਗਤੀ, ਰਾਜ-ਭਗਤੀ ਦੇ ਭਾਵ ਕੁਟ-ਕੁਟ ਦੇ ਭਰੇ ਸਨ। ਜਿਨ੍ਹਾਂ ਦੀ ਪਛਾਣ ਉਹਨਾਂ ਰਾਹੀਂ ਕੀਤੇ ਗਏ ਕੰਮਾਂ ਤੋ ਂ ਮਿਲਦੀ ਹੈ।

ਆਲਹਾ ਅਤੇ ਊਦਲ ਨੇ ਬੜੀ ਬਹਾਦਰੀ ਨਾਲ ਮਹੋਬਾ ਰਾਜ ਦੇ ਸੈਨਾਪਤੀ ਹੋਣ ਦੇ ਭਾਰ ਨੂੰ ਸੰਭਾਲਿਆ ਅਤੇ ਆਸ-ਪਾਸ ਦੇ 52 ਰਾਜਾਂ ਨੂੰ ਹਰਾ ਕੇ ਮਹੋਬਾ ਰਾਜ ਦੀ ਸੱਤਾ ਨੂੰ ਫਿਰ ਤੋਂ ਕਾਇਮ ਕੀਤਾ। ਇਹੀ ਨਹੀਂ ਮਹਾਰਾਣੀ ਮਲਨਾ ਦੇ ਆਦੇਸ਼ ਨਾਲ ਦਿੱਲੀ ਦੇ ਸਮਰਾਟ ਪ੍ਰਿਥਵੀਰਾਜ ਚੌਹਾਨ ਤੇ ਹਮਲਾ ਕੀਤਾ ਅਤੇ ਉਹਨੂੰ ਵੀ ਯੁੱਧ ਦੇ ਮੈਦਾਨ ਵਿੱਚ ਹਰਾ ਕੇ ਮਹਾਰਾਣੀ ਮਲਨਾ ਦੇ ਪੁੱਤਰ ਬ੍ਰਹਮਾ ਦਾ ਵਿਆਹ ਪ੍ਰਿਥਵੀਰਾਜ ਚੌਹਾਨ ਦੀ ਪੁੱਤਰੀ ਬੇਲਾ ਦੇ ਨਾਲ ਕਰਾਇਆ।

ਅੱਜ ਵੀ ਉੱਤਰ ਭਾਰਤ ਦੇ ਪਿੰਡਾਂ ਵਿੱਚ ਆਲਹਾ ਅਤੇ ਊਦਲ ਦੇ ਕਿੱਸੇ, ਉਹਨਾਂ ਰਾਹੀਂ ਲੜੀਆਂ ਲੜਾਈਆਂ ਦੇ ਵਰਨਣ ਬੜੇ ਸ਼ੌਕ ਨਾਲ ਸੁਣਾਏ ਅਤੇ ਗਾਏ ਜਾਂਦੇ ਹਨ।





# ਭਾਰਤ ਨੇ 18ਵੇਂ ਏਸ਼ੀਅਨ ਗੇਮਸ ਵਿੱਚ 15 ਗੋਲਡ ਸਹਿਤ 69 ਮੈਡਲ ਜਿੱਤੇ

ਜਕਾਰਤਾ (ਇੰਡੋਨੇਸ਼ੀਆ)। ਭਾਰਤੀ ਖਿਡਾਰੀਆਂ ਨੇ 18ਵੇਂ ਏਸ਼ੀਅਨ ਗੇਮਸ ਵਿੱਚ 15 ਗੋਲਡ ਦੇ ਨਾਲ 69 ਮੈਡਲ ਜਿੱਤੇ। ਇਹ ਸਾਡਾ ਹੁਣ ਤਕ ਦਾ ਸਰਵਸ੍ਰੇਸ਼ਠ ਪ੍ਰਦਰਸ਼ਨ ਹੈ। ਐਥਲੇਟਿਕਸ ਵਿੱਚ ਇਸ ਵਾਰ ਸਭ ਤੋਂ ਜ਼ਿਆਦਾ 7 ਗੋਲਡ ਸਹਿਤ 19 ਮੈਡਲ ਮਿਲੇ। ਸਾਡੇ ਖਿਡਾਰੀਆਂ ਨੇ ਸਭ ਤੋਂ ਵੱਧ 18 ਖੇਡਾਂ ਵਿੱਚ ਮੈਡਲ ਜਿੱਤਣ ਦੇ ਰਿਕਾਰਡ ਦੀ ਬਰਾਬਰੀ ਵੀ ਕੀਤੀ। ਦੇਸ਼ ਦੇ ਲਈ ਮੈਡਲ ਜਿੱਤਣ ਵਾਲਿਆਂ ਵਿੱਚ 15 ਸਾਲ ਦੇ ਸ਼ੂਟਰ ਸ਼ਾਰਦੂਲ ਵਿਹਾਨ ਤੋਂ ਲੈ ਕੇ 60 ਸਾਲ ਦੇ ਬ੍ਰਿਜ ਪਲੇਅਰ ਪ੍ਰਣਬ ਬਰਧਨ ਤਕ ਸ਼ਾਮਿਲ ਰਹੇ। ਸੌਰਭ ਚੌਧਰੀ (15 ਸਾਲ), ਮੁਸਕਾਨ (18 ਸਾਲ) ਪਿੰਕੀ (19 ਸਾਲ), ਮਾਲਾਪ੍ਰਭਾ ਜਾਧਵ (19 ਸਾਲ), ਅਮਨ ਸੈਨੀ (21 ਸਾਲ) ਵਰਗੇ ਨੌਜਵਾਨਾਂ ਨੇ ਚੰਗੇ ਭਵਿੱਖ ਦੀ ਆਸ ਜਗਾਈ।

## ਏਸ਼ੀਆਡ ਵਿੱਚ ਪਹਿਲੀ ਵਾਰ ਉਨ੍ਹਾਂ ਪੰਜ ਖੇਡਾਂ ਵਿੱਚ ਵੀ ਮੈਡਲ ਜਿੱਤੇ ਜਿਨ੍ਹਾਂ ਵਿੱਚ ਕਦੇ ਖਾਤਾ ਨਹੀਂ ਖੁਲ੍ਹਿਆ ਸੀ।

ਭਾਰਤ ਟੇਬਲ ਟੈਨਿਸ ਵਿੱਚ 60 ਸਾਲ ਤੋਂ ਏਸ਼ੀਅਨ ਗੇਮਸ ਵਿੱਚ ਸ਼ਾਮਿਲ ਹੈ ਲੇਕਿਨ ਪਹਿਲੀ ਵਾਰ ਦੋ ਬ੍ਰਾਨਜ ਮੈਡਲ ਜਿੱਤੇ। 28 ਸਾਲ ਤੋਂ ਸੇਪਕ ਟਕਰਾ ਅਤੇ ਵੁਸ਼ੂ ਖੇਡ ਰਹੇ ਹਨ। ਵੁਸ਼ੂ ਵਿੱਚ 4, ਸੇਪਕ ਟਕਰਾ ਵਿੱਚ 1 ਬ੍ਰਾਨਜ ਮਿਲਿਆ। ਪਹਿਲੀ ਵਾਰ ਸ਼ਾਮਿਲ ਬ੍ਰਿਜ (ਤਾਸ਼ ਦਾ ਖੇਡ) ਵਿੱਚ ਇੱਕ ਗੋਲਡ, 2 ਬ੍ਰਾਨਜ, ਜਦਕਿ ਕੁਰਾਸ਼ ਵਿੱਚ ਇਕ ਸਿਲਵਰ ਅਤੇ ਇਕ ਬ੍ਰਾਨਜ ਮਿਲੇ।

**ਚਾਰ ਕੈਟੇਗਰੀ ਵਿੱਚ ਵੀ ਮੈਡਲ :** ਫੋਗਾਟ ਨੂੰ ਕੁਸ਼ਤੀ ਵਿੱਚ ਗੋਲਡ ਮਿਲਿਆ। ਉਹ ਅਜਿਹਾ ਕਰਨ ਵਾਲੀ ਪਹਿਲੀ ਮਹਿਲਾ ਖਿਡਾਰੀ ਹੈ। ਐਥਲੇਟਿਕਸ ਦੇ ਹੇਪਟਾਥਲਾਨ ਵਿੱਚ ਸਵਪਨਾ ਬਰਮਨ ਨੇ ਪਹਿਲੀ ਵਾਰ ਗੋਲਡ ਮੈਡਲ ਜਿੱਤਿਆ। ਬਾਕਸਿੰਗ ਦੇ ਲਾਇਟ ਫਲਾਈਵੇਟ ਕੈਟਾਗਿਰੀ ਵਿੱਚ ਅਮਿਤ (49 ਕਿਲੋਗ੍ਰਾਮ) ਨੂੰ ਗੋਲਡ ਮਿਲਿਆ। ਮਹਿਲਾ ਬੈਡਮਿੰਟਨ ਦੇ ਸਿੰਗਲਸ ਵਿੱਚ ਸਿੰਧੂ ਨੂੰ ਸਿਲਵਰ ਅਤੇ ਸਾਇਨਾ ਨੂੰ ਬ੍ਰਾਨਜ ਮਿਲਿਆ।

– ਸੰਗ੍ਰਹਿਕਰਤਾ : ਸ਼੍ਰੀਰਾਮ ਪ੍ਰਜਾਪਤੀ

ਪ੍ਰੇਰਕ ਪ੍ਰਸੰਗ : ਅਨੀਤਾ ਜੈਨ

# ਕਿਸਾਨ ਲਈ ਜਗ੍ਹਾ ਨਹੀਂ



**ਗੱਲ** ਉਹਨਾਂ ਦਿਨਾਂ ਦੀ ਹੈ ਜਦ ਮਿ. ਜੈਫਰਸਨ ਅਮਰੀਕਾ ਦੇ ਉਪਰਾਸ਼ਟਰਪਤੀ ਸਨ। ਜੈਫਰਸਨ ਨੂੰ ਆਪਣੇ ਰਾਸ਼ਟਰਪਤੀ ਹੋਣ ਦਾ ਤਨਿਕ ਵੀ ਮਾਣ ਨਹੀਂ ਸੀ।

ਇਕ ਵਾਰ ਉਹ ਇਕ ਹੋਟਲ ਵਿੱਚ ਪਹੁੰਚੇ। ਉਹਨਾਂ ਨੇ ਬੜੇ ਸਾਦੇ ਅਤੇ ਸਸਤੇ ਜਿਹੇ ਕਪੜੇ ਪਾ ਰੱਖੇ ਸਨ ਅਤੇ ਉਹਨਾਂ ਦੇ ਨਾਲ ਕੋਈ ਨੌਕਰ ਵੀ ਨਹੀਂ ਸੀ।

ਹੋਟਲ ਦੇ ਕਾਊਂਟਰ ਤੇ ਪਹੁੰਚ ਕੇ ਜੈਫਰਸਨ ਨੇ ਇਕ ਕਮਰਾ ਮੈਨੇਜਰ ਤੋਂ ਮੰਗਿਆ। ਮੈਨੇਜਰ ਨੇ ਜੈਫਰਸਨ ਦੇ ਹੁਲੀਏ ਤੇ ਉਪਰ ਤੋਂ ਹੇਠਾਂ ਤਕ ਨਜ਼ਰ ਮਾਰੀ ਅਤੇ ਉਹਨਾਂ ਨੂੰ ਕੋਈ ਸਧਾਰਣ ਜਿਹਾ ਵਿਅਕਤੀ ਸਮਝ ਕੇ ਟਾਲਣ ਦੇ ਇਰਾਦੇ ਨਾਲ ਕਹਿ ਦਿਤਾ- ਇਸ ਸਮੇਂ ਹੋਟਲ ਦਾ ਕਮਰਾ ਖਾਲੀ ਨਹੀਂ ਹੈ। ਆਪ ਜਾ ਸਕਦੇ ਹੋ।

ਜੈਫਰਸਨ ਨੇ ਆਪਣੇ ਮੂੰਹ ਤੋਂ ਇਕ ਵੀ ਸ਼ਬਦ ਨਹੀਂ ਕਿਹਾ ਅਤੇ ਸਿਰ ਹੇਠਾਂ ਕਰਕੇ ਹੋਟਲ ਤੋਂ ਚੁਪਚਾਪ ਬਾਹਰ ਨਿਕਲ ਗਏ।

ਸੰਯੋਗ ਨਾਲ ਜਦ ਉਹ ਹੋਟਲ ਤੋਂ ਬਾਹਰ ਨਿਕਲ ਰਹੇ ਸਨ, ਤਦੇ ਇਕ ਧਨਾਢ ਵਿਅਕਤੀ ਹੋਟਲ ਵਿੱਚ ਵੜਿਆ। ਉਸ ਨੇ ਜੈਫਰਸਨ ਅਤੇ ਹੋਟਲ ਮੈਨੇਜਰ ਦੇ ਵਿਚ ਹੋਣ ਵਾਲਾ ਵਾਰਤਾਲਾਪ ਸੁਣ ਲਿਆ ਸੀ। ਉਹ ਫੌਰਨ ਮੈਨੇਜਰ ਦੇ ਕੋਲ ਜਾ ਕੇ ਬੋਲਿਆ- ਕੀ ਤੁਸੀਂ ਨਹੀਂ ਜਾਣਦੇ ਜਿਸ ਵਿਅਕਤੀ ਨੂੰ ਤੁਸੀਂ ਹੁਣੇ-ਹੁਣੇ ਕਮਰਾ ਖਾਲੀ ਨਾ ਹੋਣ ਅਤੇ ਹੋਟਲ ਤੋਂ ਬਾਹਰ ਜਾਣ ਲਈ ਕਿਹਾ ਹੈ, ਉਹ ਕੌਣ ਹੈ?

ਮੈਨੇਜਰ ਨੇ ਰੁਖੇ ਜਿਹੇ ਲਹਿਜੇ ਵਿੱਚ ਕਿਹਾ - ਨਹੀਂ, ਮੈਂ ਉਹਨੂੰ ਨਹੀਂ ਜਾਣਦਾ ਅਤੇ ਨਾ ਹੀ ਉਸ ਫਟੀਚਰ ਆਦਮੀ ਦੇ ਬਾਰੇ ਵਿੱਚ ਜਾਣਨਾ ਚਾਹਾਂਗਾ।

- ਉਹ ਵਿਅਕਤੀ ਅਮਰੀਕਾ ਦਾ ਉਪਰਾਸ਼ਟਰਪਤੀ ਜੈਫਰਸਨ ਹੈ। -ਧਨਾਢ ਵਿਅਕਤੀ ਬੋਲਿਆ।

ਇਹ ਸੁਣ ਕੇ ਮੈਨੇਜਰ ਦੇ ਪੈਰਾਂ ਹੇਠੋਂ ਜਮੀਨ ਖਿਸਕ ਗਈ। ਉਸਨੇ ਫੌਰਨ ਨੌਕਰਾਂ ਨੂੰ ਨਾਲ ਲਿਆ ਅਤੇ ਜੈਫਰਸਨ ਨੂੰ ਸਨਮਾਨ ਨਾਲ ਲਿਆਉਣ ਲਈ ਦੌੜ ਪਿਆ।

ਉਹਨਾਂ ਸਾਰਿਆਂ ਨੇ ਜੈਫਰਸਨ ਦੇ ਕੋਲ ਪਹੁੰਚ ਕੇ ਉਹਨਾਂ ਤੋਂ ਮਾਫ਼ੀ ਦੀ ਜਾਚਨਾ ਕੀਤੀ ਅਤੇ ਦੱਸਿਆ ਕਿ ਅਸੀਂ ਆਪ ਨੂੰ ਇਕ ਸਧਾਰਣ ਜਿਹਾ ਕਿਸਾਨ ਸਮਝਿਆ ਸੀ। ਲੇਕਿਨ ਜੈਫਰਸਨ ਨੇ ਸਪੱਸ਼ਟ ਸ਼ਬਦਾਂ ਵਿੱਚ ਵਾਪਸ ਜਾਣ ਤੋਂ ਇਨਕਾਰ ਕਰਦੇ ਹੋਏ ਕਿਹਾ- ਜਿਸ ਹੋਟਲ ਵਿੱਚ ਇਕ ਸਾਧਾਰਣ ਕਿਸਾਨ ਲਈ ਜਗ੍ਹਾ ਨਹੀਂ ਹੈ, ਉਥੇ ਅਮਰੀਕਾ ਦਾ ਉਪਰਾਸ਼ਟਰਪਤੀ ਭਲਾ ਕਿਵੇਂ ਠਹਿਰ ਸਕਦਾ ਹੈ?

ਜੈਫਰਸਨ ਦਾ ਜਵਾਬ ਸੁਣ ਕੇ ਮੈਨੇਜਰ ਨੂੰ ਅਹਿਸਾਸ ਹੋ ਗਿਆ ਕਿ ਆਦਮੀ ਕਪੜਿਆਂ ਨਾਲ ਵੱਡਾ ਨਹੀਂ, ਯੋਗਤਾ ਨਾਲ ਵੱਡਾ ਹੁੰਦਾ ਹੈ।

# ਰੰਗ ਭਰੋ





ਨਾਂ ............................................................ਉਮਰ..........

ਪੂਰਾ ਪਤਾ..................................................................

..........................................................................

..........................................................................

# ਅਕਤੂਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਵਿਧਿਤ ਬਜਾਜ (ਉਮਰ 8 ਸਾਲ)
ਪਿੰਡ ਤੇ ਡਾਕਖਾਨਾ : ਖੁਸ਼ਹਾਲਪੁਰ
ਜ਼ਿਲਾ - ਗੁਰਦਾਸਪੁਰ (ਪੰਜਾਬ)

**ਦੂਸਰਾ ਨੰ :**

ਸੁਦੀਕਸ਼ਾ (ਉਮਰ 13 ਸਾਲ)
ਹਾਊਸ ਨੰ: 1833
ਪੁਲ ਬਾਜਾਰ, ਰੋਪੜ
ਜ਼ਿਲਾ - ਰੂਪਨਗਰ (ਪੰਜਾਬ)

**ਤੀਸਰਾ ਨੰ :**

ਯਸ਼ਿਕਾ ਭੋਲਾ
ਪਿੰਡ ਤੇ ਡਾਕਖਾਨਾ : ਡੇਰਾ ਬਾਬਾ ਨਾਨਕ
ਜ਼ਿਲਾ - ਗੁਰਦਾਸਪੁਰ (ਪੰਜਾਬ)

## ਪਸੰਦ ਕੀਤੇ ਗਏ -

ਅਨੰਨਿਆ ਗਰਗ (ਲਹਿਰਾ ਗਾਗਾ), ਸੁਨੀਤਾ (ਨਵਾਂ ਸ਼ਹਿਰ), ਸ਼ਿਵਪ੍ਰੀਤ ਸਿੰਘ (ਅਮਰਾਲੀ), ਤੇਜਲ ਅਰੋੜਾ (ਮੋਗਾ), ਗੁਰਲਾਲ ਸਿੰਘ (ਹੀਰੋਂ ਖੁਰਦ), ਸਰਬਜੀਤ ਕੌਰ (ਜਗਰਾਉਂ), ਵੰਸ਼ਿਕਾ (ਬੁਢਲਾਡਾ), ਏਕਤਾ (ਹਰੀਕੇ ਪੱਤਣ), ਸਿਮਰਨ ਕੌਰ (ਧਰਮਪੁਰਾ), ਸੁਖਪ੍ਰੀਤ ਸਿੰਘ (ਮਾਨਸਾ), ਹੈਵਨ-ਸੁਮਨ (ਫਗਵਾੜਾ), ਭਵਿਤਾ (ਚਵਿੰਡਾਦੇਵੀ), ਮੋਹਿਤ (ਤਲਵੰਡੀ ਭਾਈ), ਜਸਨੂਰਪ੍ਰੀਤ (ਜਗਰਾਉਂ), ਸ਼ੁਭਮ (ਪੁਰਹੀਰਾ), ਸਿਮਰਨਜੀਤ (ਭਾਦਲਾ ਨੀਚਾ), ਨਿਤਿਨ ਕੰਡਾ (ਤਲਵੰਡੀ ਭਾਈ), ਗੁਰਲੀਨ ਕੌਰ (ਡੱਫਰ)




## ਦਸੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਦਸੰਬਰ 2019 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਫਰਵਰੀ 2018 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

❑ ਸੁਰਿੰਦਰ ਰੰਧਾਵਾ

## ਸ਼ਹਿਰ ਤੋਂ ਚੰਗਾ ਹੈ

# ਪਿੰਡ ਮੇਰਾ

ਪਿਆਰਾ ਆਪਣਾ ਪਿੰਡ ਦੁਨੀਆਂ ਤੇ,
ਖੁਸ਼ ਹੈ ਬੱਚਾ,ਬੁੱਢਾ, ਜਵਾਨ।
ਨਹੀਂ ਭੀੜ-ਭੜਕਾ, ਸ਼ੋਰ-ਸ਼ਰਾਬਾ,
ਸੋਹਣੀ ਸਿਹਤ, ਕੁਦਰਤੀ ਸ਼ਾਨ।

ਜਾਤ-ਪਾਤ ਅਤੇ ਮਜ਼ਬ ਦਾ ਝਗੜਾ,
ਕਦੇ ਨਾ ਪਿੰਡ ਵਿਚ ਹੋਵੇ।
ਬਨਾਵਟੀ ਜੀਵਨ ਦੀ ਭਾਰੀ ਗਠੜੀ
ਕਦੇ ਨਾ ਕੋਈ ਵੀ ਢੋਵੇ।

ਦੌੜ, ਕਬੱਡੀ, ਘੋਲ, ਗੁੱਲੀ-ਡੰਡਾ,
ਖਿੱਦੋ-ਖੂੰਡੀ, ਪਿੱਠੂ, ਨੱਕਾਂ-ਪੂਰ।
ਲੁਕੱਣ-ਮੀਟੀ ਸਭ ਪਿੰਡ ਦੀ ਖੇਡਾਂ,
ਮੌਕਾ ਮਿਲੇ ਬੱਚੇ ਖੇਡਦੇ ਜ਼ਰੂਰ।

ਬੱਚੇ ਸਵੇਰੇ ਸਕੂਲ ਨੇ ਜਾਂਦੇ,
ਵੱਡੇ ਆਪਣਾ ਕੰਮ-ਕਾਰ ਕਰਦੇ।
ਪਿੰਡ ਦੇ ਨੇੜੇ ਛੋਟੀ ਨਹਿਰ ਵਿਚ,
ਸ਼ਾਮ ਨੂੰ ਸਾਰੇ ਖੂਬ ਨਹਾਂਦੇ।

ਬਜ਼ੁਰਗ ਬਹਿ ਕੇ ਗੱਪਾਂ ਮਾਰਦੇ,
ਪਿੱਪਲ ਬੋਹੜ ਦੀਆਂ ਮਾਣਦੇ ਛਾਵਾਂ।
ਪਿੰਡ ਰਹੇ ਖੁਸ਼ਹਾਲ 'ਰੰਧਾਵਾ',
ਠੰਡੀਆਂ ਵਗਦੀਆਂ ਰਹਿਣ ਹਵਾਵਾਂ।



ਕਹਾਣੀ : ਅਸ਼ੋਕ ਕੁਮਾਰ

# ਚੌਥੇ ਸੇਵਕ ਦੀ ਬੁੱਧੀਮਾਨੀ



ਇਕ ਸੀ ਰਾਜਾ। ਉਸਨੇ ਇਕ ਵਾਰ ਆਪਣੇ ਚਾਰ ਸੇਵਕਾਂ ਨੂੰ ਘੋੜੇ ਖਰੀਦਣ ਭੇਜਿਆ। ਉਸ ਜਮਾਨੇ ਵਿੱਚ ਅਰਬ ਦੇ ਘੋੜੇ ਕਾਫੀ ਵਧੀਆ ਨਸਲ ਦੇ ਸਮਝੇ ਜਾਂਦੇ ਸਨ। ਚਾਰੇ ਸੇਵਕ ਬੀਆਬਾਨ ਜੰਗਲ ਅਤੇ ਕਠਿਨ ਰਾਹਾਂ ਨੂੰ ਪਾਰ ਕਰਕੇ ਅਰਬ ਗਏ ਅਤੇ ਉਹਨਾਂ ਨੇ ਉਥੋਂ ਇਕ ਵਧੀਆ ਜਿਹਾ ਘੋੜਾ ਖਰੀਦ ਲਿਆ। ਜਦ ਉਹ ਵਾਪਸ ਘਰ ਆ ਰਹੇ ਸਨ, ਤਾਂ ਜਿਸ-ਜਿਸ ਸ਼ਹਿਰ ਤੋਂ ਗੁਜਰੇ ਲੋਕਾਂ ਨੇ ਘੋੜੇ ਨੂੰ ਬਹੁਤ ਪਸੰਦ ਕੀਤਾ। ਕੁਝ ਲੋਕਾਂ ਨੇ ਤਾਂ ਘੋੜੇ ਦੀ ਐਨੀ ਕੀਮਤ ਦੇਣੀ ਚਾਹੀ, ਜੋ ਉਸਦੀ ਖਰੀਦ ਤੋਂ ਕਈ ਗੁਣਾਂ ਵੱਧ ਸੀ।

ਕੁਝ ਸਮੇਂ ਤਕ ਤਾਂ ਉਹ ਘੋੜੇ ਨੂੰ ਖਰੀਦਣ ਵਾਲੇ ਲੋਕਾਂ ਨੂੰ ਟਾਲਦੇ ਰਹੇ, ਪਰ ਜਦ ਉਹਨਾਂ ਦੇ ਕੋਲ ਰੁਪਈਆਂ ਦੀ ਘਾਟ ਹੋਣ ਲੱਗੀ ਅਤੇ ਘੋੜੇ ਦੀ ਕੀਮਤ ਵਧਦੀ ਗਈ ਤਾਂ ਚਾਰਾਂ ਨੇ ਆਪਸ ਵਿੱਚ ਸਲਾਹ-ਮਸ਼ਵਰਾ ਕਰਕੇ ਅਖੀਰ ਘੋੜੇ ਨੂੰ ਚੰਗੀ ਕੀਮਤ ਤੇ ਵੇਚ ਹੀ ਦਿੱਤਾ। ਜਦ ਉਹ ਖਾਲੀ ਹੱਥ ਰਾਜਾ ਦੇ ਕੋਲ ਗਏ ਤਾਂ ਉਹਨਾਂ ਨੇ ਰਾਜਾ ਦੇ ਦੰਡ ਤੋਂ ਬਚਣ ਲਈ ਜੋ ਯੋਜਨਾ ਬਣਾਈ ਸੀ, ਉਸ ਤੇ ਅਮਲ ਕੀਤਾ। ਰਾਜਧਾਨੀ ਵਿੱਚ ਦਾਖਿਲ ਹੁੰਦੇ ਹੀ ਉਹਨਾਂ ਨੇ ਰੋਣਾ-ਪਿੱਟਣਾ ਸ਼ੁਰੂ ਕਰ ਦਿਤਾ।

ਰਾਜਾ ਨੇ ਪੁੱਛਿਆ – ਆਖਿਰ ਮਾਜਰਾ ਕੀ ਹੈ? ਤੁਸੀਂ ਰੋ ਕਿਉਂ ਰਹੇ ਹੋ, ਘੋੜਾ ਕਿੱਥੇ ਹੈ?

ਚਾਰਾਂ ਨੇ ਦੱਸਿਆ – ਮਹਾਰਾਜ! ਜਦ ਅਸੀਂ ਘੋੜੇ ਨੂੰ ਲੈ ਕੇ ਆ ਰਹੇ ਸੀ ਤਾਂ ਬੀਆਬਾਨ ਜੰਗਲ ਵਿੱਚ ਸਾਨੂੰ ਡਾਕੂ ਮਿਲ ਗਏ। ਉਹਨਾਂ ਨੇ ਸਾਨੂੰ ਰੁੱਖਾਂ ਨਾਲ ਬੰਨ੍ਹ ਦਿੱਤਾ ਅਤੇ ਘੋੜਾਂ ਲੈ ਕੇ ਚਲਦੇ ਬਣੇ। ਬੜੀ ਮੁਸ਼ਕਿਲ ਨਾਲ ਜਾਨ ਬਚਾ ਕੇ ਅਸੀਂ ਲੋਕ ਵਾਪਸ ਆਏ ਹਾਂ।

ਰਾਜਾ ਨੇ ਇਹਨਾਂ ਚਾਰਾਂ ਦੀ ਗੱਲ ਤੇ ਯਕੀਨ ਤਾਂ ਨਹੀਂ ਕੀਤਾ ਪਰ ਉਸਨੇ ਕਿਹਾ – ਅੱਜ ਤਾਂ ਆਰਾਮ ਕਰੋ ਕੱਲ ਗੱਲ ਕਰਾਂਗੇ।

ਅਗਲੇ ਦਿਨ ਸੇਵਕਾਂ ਦੀ ਸਚਾਈ ਪਰਖਣ ਲਈ ਰਾਜਾ ਨੇ ਸਭ ਤੋਂ ਪਹਿਲਾਂ ਇਕ ਸੇਵਕ ਨੂੰ ਬੁਲਵਾਇਆ ਅਤੇ ਬੜੇ ਪਿਆਰ ਨਾਲ ਪੁੱਛਿਆ – ਚਲੋ ਭਾਈ, ਘੋੜਾ ਗਿਆ ਸੋ ਗਿਆ। ਹੁਣ ਇਹ ਦੱਸ ਕਿ ਉਹ ਸੀ ਕਿਹੋ ਜਿਹਾ ਅਤੇ ਕਿਸ ਰੰਗ ਦਾ ਸੀ?

ਕੁਝ ਦੇਰ ਤਾਂ ਉਹ ਘਬਰਾਇਆ ਅਤੇ ਫਿਰ ਜਾਨ ਬਚਾਉਣ ਦੀ ਖਾਤਿਰ ਬੋਲਿਆ – ਮਹਾਰਾਜ!

ਘੋੜਾ ਬਹੁਤ ਗਠੀਲੇ ਬਦਨ ਦਾ ਸੀ, ਉਸਦੀ ਨਸਲ ਅਤੇ ਚਾਲ ਬੜੀ ਸੁੰਦਰ ਸੀ।

ਰਾਜਾ ਬੋਲਿਆ – ਸੋ ਤਾਂ ਸੀ, ਪਰ ਉਸਦਾ ਰੰਗ ਕਿਹੋ ਜਿਹਾ ਸੀ?
ਸੇਵਕ ਬੋਲਿਆ– ਮਹਾਰਾਜ, ਉਸਦਾ ਰੰਗ ਸਫੈਦ ਸੀ।
ਰਾਜਾ ਨੇ ਕਿਹਾ – ਚੰਗਾ, ਹੁਣ ਤੂੰ ਇਥੇ ਬੈਠ।



ਇਸਦੇ ਬਾਦ ਰਾਜਾ ਨੇ ਦੂਸਰੇ ਸੇਵਕ ਨੂੰ ਬੁਲਵਾਇਆ ਅਤੇ ਉਸ ਨੂੰ ਵੀ ਇਹੀ ਸਵਾਲ ਕੀਤਾ। ਉਸ ਸੇਵਕ ਨੇ ਦੱਸਿਆ – ਮਹਾਰਾਜ ਘੋੜੇ ਦਾ ਰੰਗ ਮੁਸ਼ਕੀ ਸੀ।

ਰਾਜਾ ਦੇ ਹੁਕਮ ਨਾਲ ਤੀਸਰੇ ਸੇਵਕ ਨੂੰ ਹਾਜ਼ਿਰ ਕੀਤਾ ਗਿਆ। ਉਸਨੇ ਘੋੜੇ ਦਾ ਰੰਗ ਭੂਰਾ ਦੱਸਿਆ।

ਸਭ ਤੋਂ ਆਖਿਰ ਵਿੱਚ ਚੌਥੇ ਸੇਵਕ ਨੂੰ ਬੁਲਵਾਇਆ ਗਿਆ। ਉਸਨੇ ਆਉਂਦੇ ਹੀ ਤਿੰਨਾਂ ਸੇਵਕਾਂ ਦੇ ਚਿਹਰੇ ਤੇ ਨਜ਼ਰ ਮਾਰੀ ਅਤੇ ਉਹਨਾਂ ਦੇ ਬਦਹਵਾਸ ਚਿਹਰਿਆਂ ਤੇ ਉਡਦੀਆਂ ਹਵਾਈਆਂ ਵੇਖ ਕੇ ਉਹ ਭਾਪ ਗਿਆ ਕਿ ਦਾਲ ਵਿੱਚ ਜ਼ਰੂਰ ਕੁਝ ਕਾਲਾ ਹੈ। ਖੈਰ! ਉਸ ਚੌਥੇ ਸੇਵਕ ਦੇ ਸਾਹਮਣੇ ਵੀ ਉਹੀ ਪ੍ਰਸ਼ਨ ਦੁਹਰਾਇਆ ਗਿਆ ਕਿ ਉਸ ਘੋੜੇ ਦਾ ਰੰਗ ਕਿਹੜਾ ਸੀ?

ਪ੍ਰਸ਼ਨ ਸੁਣਦੇ ਹੀ ਚੌਥਾ ਸੇਵਕ ਇਕਦਮ ਸਮਝ ਗਿਆ ਕਿ ਇਹੀ ਸਵਾਲ ਪਹਿਲੇ ਤਿੰਨਾਂ ਸਾਥੀਆਂ ਨੂੰ ਪੁੱਛਿਆ ਗਿਆ ਹੋਏਗਾ ਅਤੇ ਕੋਈ ਜ਼ਰੂਰੀ ਨਹੀਂ ਕਿ ਤਿੰਨਾਂ ਨੇ ਹੀ ਘੋੜੇ ਦਾ ਇਕ ਰੰਗ ਹੀ ਦੱਸਿਆ ਹੋਵੇ। ਚੌਥਾ ਸੇਵਕ ਆਪਣੇ ਸੁਰ ਵਿੱਚ ਗਹਿਰੀ ਉਦਾਸੀ ਘੋਲਦੇ ਹੋਏ ਬੋਲਿਆ– ਕੀ ਅਰਜ ਕਰਾਂ ਹਜ਼ੂਰ? ਉਹ ਤਾਂ ਬੜਾ ਬੇਮਿਸਾਲ ਘੋੜਾ ਸੀ, ਉਸਦੀ ਇਕ ਅਦਭੁਤ ਖਾਸੀਅਤ ਦੀ ਖਾਤਿਰ ਹੀ ਤਾਂ ਅਸੀਂ ਉਸਦੀ ਐਨੀ ਕੀਮਤ ਅਦਾ ਕੀਤੀ ਸੀ। ਹਜ਼ੂਰ ਮੈਨੂੰ ਦੁੱਖ ਕੇਵਲ ਇਸ ਗੱਲ ਦਾ ਹੈ ਕਿ ਉਹ ਬੇਮਿਸਾਲ ਚੀਜ਼ ਆਪ ਨੂੰ ਦਿਖਾਏ ਬਿਨਾ ਉਹਨਾਂ ਬੇਰਹਿਮ ਡਾਕੂਆਂ ਨੇ ਲੁੱਟ ਲਈ।

ਰਾਜਾ ਦੀ ਜਗਿਆਸਾ ਵੱਧੀ –ਆਖਿਰ ਅਜਿਹੀ ਕਿਹੜੀ ਗੱਲ ਸੀ ਉਸ ਘੋੜੇ ਵਿੱਚ?

ਹੁਣ ਚੌਥਾ ਸੇਵਕ ਘੋੜੇ ਦੀਆਂ ਵਿਸ਼ੇਸ਼ਤਾਵਾਂ ਦਾ ਬਿਆਨ ਕਰਦੇ ਹੋਏ ਬੋਲਿਆ– ਹਜ਼ੂਰ, ਉਹ ਅਦਭੁਤ ਘੋੜਾ ਪਲ-ਪਲ ਵਿੱਚ ਰੰਗ ਬਦਲਦਾ ਸੀ, ਕਦੇ ਉਹ ਦੁੱਧ ਦੀ ਤਰ੍ਹਾਂ ਸਫੇਦ ਹੋ ਜਾਂਦਾ ਤਾਂ ਕੁਝ ਦੇਰ ਵਿੱਚ ਉਹ ਮੁਸ਼ਕੀ ਰੰਗ ਦਾ ਹੋ ਜਾਂਦਾ ਅਤੇ ਵੇਖਦੇ ਹੀ ਵੇਖਦੇ ਭੂਰਾ ਹੋ ਜਾਂਦਾ।

ਹਾਲਾਂਕਿ ਰਾਜਾ ਆਪਣੇ ਸੇਵਕਾਂ ਦੇ ਝੂਠ ਬੋਲਣ ਅਤੇ ਮੱਕਾਰੀ ਤੇ ਨਾਰਾਜ਼ ਤਾਂ ਬਹੁਤ ਸੀ, ਲੇਕਿਨ ਉਹ ਮਨ ਹੀ ਮਨ ਚੌਥੇ ਸੇਵਕ ਦੀ ਚਤੁਰਾਈ ਅਤੇ ਬੁਧੀਮਾਨੀ ਤੇ ਮੰਤਰ-ਮੁਗਦ ਹੋ ਉਠਿਆ। ਉਸਨੇ ਆਪਣੇ ਸੇਵਕਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ– ਤੁਸੀਂ ਲੋਕਾਂ ਨੇ ਝੂਠ ਬੋਲ ਕੇ ਬਹੁਤ ਹੀ ਨਿੰਦਾ ਯੋਗ ਕੰਮ ਕੀਤਾ ਹੈ ਅਤੇ ਉਸਦਾ ਦੰਡ ਤੁਹਾਨੂੰ ਮਿਲਣਾ ਚਾਹੀਦਾ ਹੈ, ਪ੍ਰੰਤੂ ਮੈਂ ਚੌਥੇ ਸੇਵਕ ਦੀ ਬੁਧੀਮਾਨੀ ਤੋਂ ਪ੍ਰਭਾਵਿਤ ਹਾਂ ਅਤੇ ਇਸੇ ਕਾਰਣ ਅੱਜ ਤੁਹਾਨੂੰ ਮਾਫ਼ ਕਰਦਾ ਹਾਂ।

– ਮੁਸ਼ਕਿਲ ਸਮੇਂ ਵਿੱਚ ਵੀ ਜੋ ਆਪਣੀ ਬੁੱਧੀ ਨੂੰ ਕਾਇਮ ਅਤੇ ਚੇਤਨ ਰੱਖਦਾ ਹੈ ਉਹ ਸਾਰੀਆਂ ਰੁਕਾਵਟਾਂ ਤੋਂ ਪਾਰ ਹੋ ਜਾਂਦਾ ਹੈ।

# ਕਦੇ ਨਾ ਭੁੱਲੋ

- ਆਪਣੀਆਂ ਗਲਤੀਆਂ ਵਿਚ ਸੁਧਾਰ ਕਰਨਾ ਚਾਹੀਦਾ ਹੈ ਅਤੇ ਦੂਸਰਿਆਂ ਦੀਆਂ ਗਲਤੀਆਂ ਨੂੰ ਨਜ਼ਰਅੰਦਾਜ਼ ਕਰਨਾ ਚਾਹੀਦਾ ਹੈ।
- ਝੂਠ ਬੋਲ ਕੇ ਅਤੇ ਬਹਾਨੇਬਾਜ਼ੀ ਕਰਕੇ ਆਪਣਾ ਮਤਲਬ ਕੱਢਣਾ ਕਦੇ ਵੀ ਕਿਸੇ ਨੂੰ ਸੋਭਾ ਨਹੀਂ ਦਿੰਦਾ।

(ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ)

- ਜੋ ਹੱਥ ਸੇਵਾ ਲਈ ਉਠੱਦੇ ਹਨ ਉਹ ਅਰਦਾਸ ਕਰਨ ਵਾਲੇ ਹੋਠਾਂ ਤੋਂ ਵੀ ਪਵਿੱਤਰ ਹਨ।
- ਆਪਣਾ ਮਨ ਨਿਰੰਕਾਰ ਨਾਲ ਜੋੜ ਕੇ ਰਖਾਂਗੇ ਤਾਂ ਆਨੰਦ ਆਪਣੇ ਆਪ ਹੀ ਪ੍ਰਾਪਤ ਹੁੰਦਾ ਰਹੇਗਾ।
- ਸੰਤਾਂ-ਮਹਾਂਪੁਰਸ਼ਾਂ ਦੀ ਉਚੀ ਮਤ ਲੈਣ ਨਾਲ ਸਾਡੇ ਜੀਵਨ ਦੀ ਚਾਲ ਵੀ ਸੁੰਦਰ ਹੋ ਜਾਂਦੀ ਹੈ
- ਸੱਚਾ ਉਪਦੇਸ਼ ਸੁਣ ਕੇ ਮੰਨਣਾ ਅਤੇ ਉਸ ਅਨੁਸਾਰ ਚਲਣਾ ਹੀ ਮਾਨਵਤਾ ਦੀ ਪਹਿਲੀ ਪੌੜੀ ਹੈ।

(ਨਿਰੰਕਾਰੀ ਬਾਬਾ ਹਰਦੇਵ ਸਿੰਘ ਜੀ)

- ਮਨ ਦੀ ਸ਼ਾਂਤੀ ਵਾਸਤੇ ਸੰਤਜਨਾਂ ਦੀ ਸੰਗਤ ਕਰਦੇ ਰਹਿਣਾ ਚਾਹੀਦਾ ਹੈ।
- ਸੱਚਾ ਸੁਖ ਦੁਨਿਆਵੀ ਪਦਾਰਥਾਂ ਵਿਚ ਨਹੀਂ ਸਗੋਂ ਸੇਵਾ, ਸਿਮਰਨ ਅਤੇ ਸਤਿਸੰਗ ਵਿਚ ਹੈ।
- ਆਪਣੀ ਦ੍ਰਿਸ਼ਟੀ ਨੂੰ ਐਨਾ ਵਿਸ਼ਾਲ ਬਣਾਉ ਕਿ ਦੂਸਰਿਆਂ ਦੇ ਦੋਸ਼ ਦਿਖਾਈ ਹੀ ਨਾ ਦੇਣ।

(ਬਾਬਾ ਗੁਰਬਚਨ ਸਿੰਘ ਜੀ)


- ਸੱਚ ਕੇਵਲ ਪ੍ਰਮਾਤਮਾ ਹੀ ਹੈ।
- ਨਿਰੰਕਾਰ ਅਤੇ ਮਨੁੱਖ ਨੂੰ ਜੋੜਨ ਵਾਲਾ ਕੇਵਲ ਸਤਿਗੁਰੂ ਹੀ ਹੁੰਦਾ ਹੈ।
- ਦੂਜਿਆਂ ਦਾ ਘਰ ਉਜਾੜ ਕੇ ਆਪਣਾ ਘਰ ਰੌਸ਼ਨ ਨਹੀਂ ਕੀਤਾ ਜਾ ਸਕਦਾ।

(ਨਿਰੰਕਾਰੀ ਰਾਜਮਾਤਾ ਜੀ)

- ਹਰ ਇਕ ਵਿਚ ਪ੍ਰਭੂ ਦਾ ਨੂਰ ਵੇਖ ਕੇ ਸਭ ਨਾਲ ਪਿਆਰ ਕਰਕੇ ਸਭ ਦਾ ਭਲਾ ਮੰਗਣਾ ਚਾਹੀਦਾ ਹੈ।
- ਜੇਕਰ ਕਿਸੇ ਮਹਾਂਪੁਰਸ਼ ਨੂੰ ਸਤਿਗੁਰੂ ਸਰੂਪ ਸਮਝ ਕੇ ਸੇਵਾ-ਸਤਿਕਾਰ ਕਰਦੇ ਹਾਂ ਤਾਂ ਉਸ ਦੀ ਰਸਨਾ ਤੋਂ ਆਏ ਬਚਨਾਂ ਨੂੰ ਵੀ ਮੰਨਣਾ ਚਾਹੀਦਾ ਹੈ।

(ਬਾਬਾ ਅਵਤਾਰ ਸਿੰਘ ਜੀ)

❑ ਸੰਗ੍ਰਹਿਕਰਤਾ : ਡਿੰਪਲਜੀਤ ਰੰਧਾਵਾ



ਹਰਿੰਦਰ ਸਿੰਘ ਗੋਗਨਾ

# ਚਿੜੀ ਆਈ

ਬੜੇ ਦਿਨਾਂ ਬਾਦ ਦੇਖੀ ਚਿੜੀ,
ਸਾਡੇ ਵਿਹੜੇ ਆਈ।
ਇਧਰ-ਉਧਰ ਤੁਰਦੀ- ਫਿਰਦੀ
ਚੀਂ-ਚੀਂ ਸੀ ਉਸ ਲਾਈ
ਮੈਂ ਬੁਲਾਏ ਮੰਮੀ-ਪਾਪਾ,
ਕਿਹਾ ਨੱਠ ਕੇ ਆਣਾ।
ਔਹ ਵੇਖੋ ਚਿੜੀ ਵਿਖਾਵਾਂ,
ਲੱਭ ਰਹੀ ਹੈ ਦਾਣਾ।
ਉਡੱ ਗਈ ਚਿੜੀ ਆਹਟ ਸੁਣ ਕੇ
ਬਹੁਤੀ ਦੇਰ ਲਾ ਲਾਈ।
ਬੜੇ ਦਿਨਾਂ ਬਾਅਦ ਦੇਖੀ ਚਿੜੀ,
ਸਾਡੇ ਵਿਹੜੇ ਆਈ।

ਕਹਾਣੀ - ਰਾਜਕੁਮਾਰ ਜੈਨ

# ਨਦੀ ਦਾ ਘਮੰਡ



ਦੁਆਪਰ ਯੁਗ ਵਿੱਚ ਇਕ ਦਿਨ ਸ਼੍ਰੀ ਕ੍ਰਿਸ਼ਨ ਜੀ ਕਿਸੇ ਨਦੀ ਦੇ ਕੋਲੋਂ ਗੁਜ਼ਰ ਰਹੇ ਸਨ ਕਿ ਤਦ ਆਵਾਜ਼ ਆਈ - ਭਗਵਨ! ਆਪ ਜਮੁਨਾਂ ਵਿੱਚ ਖੇਡਾਂ ਕਰਦੇ ਹੋ ਕੀ ਮੈਨੂੰ ਚਰਨ ਛੂਹਣ ਦਾ ਸੁਭਾਗ ਨਹੀਂ ਦਿਉਗੇ?

ਸ਼੍ਰੀ ਕ੍ਰਿਸ਼ਨ ਜੀ ਸਾਰਿਆਂ ਨੂੰ ਇਕੋ ਜਿਹਾ ਪਿਆਰ ਕਰਦੇ ਸਨ। ਉਸ ਨਦੀ ਦੀ ਗੱਲ ਸੁਣ ਕੇ ਬੋਲੇ- ਤੂੰ ਇੰਝ ਕਿਉਂ ਸੋਚਦੀ ਹੈ? ਮੈਂ ਜ਼ਰੂਰ ਤੇਰੇ ਠੰਡੇ ਜਲ ਵਿੱਚ ਇਸ਼ਨਾਨ ਕਰਾਂਗਾ। ਕਹੋ ਤਾਂ ਰੋਜ਼ ਹੀ ਨਹਾਇਆ ਕਰਾਂ। ਮੈਂ ਤਾਂ ਇਧਰੋਂ ਜਾਂਦਾ ਹੀ ਹਾਂ।

ਇਹ ਸੁਣ ਕੇ ਨਦੀ ਫੁਲੀ ਨਹੀਂ ਸਮਾਈ। ਉਸ ਦੀਆਂ ਲਹਿਰਾਂ ਉਛਾਲ ਲੈਣ ਲੱਗੀਆਂ। ਭਗਵਾਨ ਸ਼੍ਰੀਕ੍ਰਿਸ਼ਨ ਰੋਜ਼ ਉਸ ਨਦੀ ਵਿੱਚ ਨਹਾਉਣ ਲੱਗੇ। ਉਸ ਨਦੀ ਦੇ ਨੇੜੇ ਅੰਬ ਦੇ ਰੁੱਖ ਤੇ ਮੋਰ-ਮੋਰਨੀ ਦਾ ਇਕ ਜੋੜਾ ਰਹਿੰਦਾ ਸੀ। ਨਦੀ ਉਹਨਾਂ ਦੀ ਗਹਿਰੀ ਮਿੱਤਰ ਸੀ। ਮੋਰ ਉਸਦੇ ਕਿਨਾਰੇ ਤੇ ਆ ਕੇ ਨੱਚਦਾ ਸੀ। ਫਿਰ ਮੋਰ-ਮੋਰਨੀ ਨਿਰਮਲ ਜਲ ਪੀ ਕੇ ਪਿਆਸ ਬੁਝਾਉਂਦੇ ਸਨ।

ਇਕ ਦਿਨ ਮੋਰ-ਮੋਰਨੀ ਨੇ ਜਲ ਪੀਣਾ ਚਾਹਿਆ ਤਾਂ ਨਦੀ ਬੋਲੀ - ਜਰਾ ਰੁਕੋ। ਮੇਰੇ ਜਲ ਨੂੰ ਜੂਠਾ ਨਾ ਕਰੋ। ਹੁਣ ਮੇਰੇ ਅੰਦਰ ਭਗਵਾਨ ਇਸ਼ਨਾਨ ਕਰਦੇ ਹਨ। ਅਗਰ ਤੁਸੀਂ ਜਲ ਪੀ ਲਵੋਗੇ ਤਾਂ ਕੀ ਉਹ ਜੂਠੇ ਪਾਣੀ ਵਿੱਚ ਇਸ਼ਨਾਨ ਕਰਨਗੇ? ਪਹਿਲਾਂ ਤਾਂ ਮੋਰ ਨੂੰ ਨਦੀ ਦੀ ਗੱਲ ਮਜਾਕ ਲੱਗੀ; ਪਰ ਜਦ ਉਹਨੂੰ ਪਤਾ ਲੱਗਾ ਕਿ ਨਦੀ ਸੱਚ ਕਹਿ ਰਹੀ ਹੈ ਤਾਂ ਉਸਨੇ ਸੋਚਿਆ -'ਕੀ ਭਗਵਾਨ ਨੂੰ ਇਸ਼ਨਾਨ ਕਰਾਉਣ ਨਾਲ ਨਦੀ ਐਨੀ ਘਮੰਡੀ ਹੋ ਗਈ ਹੈ ਕਿ ਸਾਨੂੰ ਦੁਤਕਾਰ ਰਹੀ ਹੈ। ਪਾਣੀ ਵੀ ਨਹੀਂ ਪੀਣ ਦਿੰਦੀ।'

ਮੋਰ ਨੂੰ ਬਹੁਤ ਦੁੱਖ ਹੋਇਆ। ਉਹ ਸ਼੍ਰੀ ਕ੍ਰਿਸ਼ਨ ਜੀ ਦੇ ਕੋਲ ਪਹੁੰਚਿਆ। ਉਸਨੇ ਸਾਰੀ ਘਟਨਾ ਸੁਣਾਈ। ਸ਼੍ਰੀ ਕ੍ਰਿਸ਼ਨ ਜੀ ਨੇ ਮੋਰ ਨੂੰ ਕਿਹਾ- ਤੁਸੀਂ ਦੁਖੀ ਨਾ ਹੋਵੋ। ਨਦੀ ਵਿੱਚ ਘੁਮੰਡ ਆ ਗਿਆ ਹੈ। ਉਸਦਾ ਫਲ ਉਹਨੂੰ ਜ਼ਰੂਰ ਮਿਲੇਗਾ। ਮੈਂ ਤੈਨੂੰ ਵੀ ਓਨਾ ਹੀ ਪਿਆਰ ਕਰਦਾ ਹਾਂ। ਤੂੰ ਤਾਂ ਬਹੁਤ ਸੁੰਦਰ ਹੈ। ਮੋਰ ਖੁਸ਼ ਹੋ ਕੇ ਆਪਣੇ ਨਿਵਾਸ ਸਥਾਨ ਤੇ ਵਾਪਸ ਆਇਆ।

ਦੂਸਰੇ ਦਿਨ ਸ਼੍ਰੀ





ਕ੍ਰਿਸ਼ਨ ਜੀ ਨਦੀ ਦੇ ਕਿਨਾਰੇ ਤੇ ਆਏ। ਉਸ ਦਿਨ ਉਹਨਾਂ ਨੇ ਨਦੀ ਵਿੱਚ ਇਸ਼ਨਾਨ ਨਹੀਂ ਕੀਤਾ। ਨਦੀ ਬੋਲੀ – ਪ੍ਰਭੂ! ਲੱਗਦਾ ਹੈ ਅੱਜ ਆਪ ਮੇਰੇ ਤੋਂ ਨਾਖੁਸ਼ ਹੋ।

ਸ਼੍ਰੀ ਕ੍ਰਿਸ਼ਨ ਜੀ ਨੇ ਮੁਸਕਰਾਦੇ ਹੋਏ ਕਿਹਾ– ਹੇ ਚੰਚਲ ਨਦੀ, ਮੈਂ ਤਦ ਇਸ਼ਨਾਨ ਕਰਾਂਗਾ, ਜਦ ਤੂੰ ਮੇਰੇ ਮੁਕਟ ਵਿੱਚ ਲਗਾਉਣ ਲਈ ਸੁੰਦਰ ਮੋਰ ਦਾ ਖੰਭ ਲਿਆ ਕੇ ਦਿਉਗੀ।



ਇਹ ਸੁਣ ਕੇ ਨਦੀ ਬੜੀ ਪ੍ਰੇਸ਼ਾਨ ਹੋਈ। ਹੁਣ ਕਿਸ ਮੂੰਹ ਨਾਲ ਮੋਰ ਤੋਂ ਖੰਭ ਮੰਗਾਂ? ਮਗਰ ਕੋਈ ਚਾਰਾ ਨਹੀਂ ਸੀ। ਉਸ ਨੇ ਹੰਕਾਰ ਛੱਡ ਕੇ ਮੋਰ ਨੂੰ ਬੁਲਾਇਆ ਅਤੇ ਕਿਹਾ– ਮੋਰ ਭਾਈ, ਮੈਨੂੰ ਮਾਫ਼ ਕਰਨਾ। ਮੈਂ ਤੇਰਾ ਦਿਲ ਦੁਖਾਇਆ ਹੈ।

ਮੋਰ ਨੇ ਕਿਹਾ – ਬੋਲ ਕੀ ਗੱਲ ਹੈ? ਤੂੰ ਮੇਰੀ ਮਿੱਤਰ ਹੈ, ਮੈਂ ਤੇਰੀ ਸਹਾਇਤਾ ਜ਼ਰੂਰ ਕਰਾਂਗਾ।

ਨਦੀ ਨੇ ਸਾਰੀ ਗੱਲ ਦੱਸੀ। ਮੋਰ ਨੇ ਤੁਰੰਤ ਆਪਣਾ ਖੰਭ ਤੋੜ ਕੇ ਦੇ ਦਿੱਤਾ।

ਸ਼੍ਰੀ ਕ੍ਰਿਸ਼ਨ ਜੀ ਨੇ ਖੁਸ਼ ਹੋ ਕੇ ਨਦੀ ਦੇ ਹੱਥੋਂ ਖੰਭ ਲਿਆ। ਉਹਨੂੰ ਆਪਣੇ ਮੁਕਟ ਵਿੱਚ ਲਗਾਇਆ ਅਤੇ ਮੋਰ ਨੂੰ ਵਰਦਾਨ ਮੰਗਣ ਲਈ ਕਿਹਾ।

ਮੋਰ ਬੋਲਿਆ– ਪ੍ਰਭੂ! ਆਪ ਨੇ ਮੇਰਾ ਖੰਭ ਆਪਣੇ ਮੁਕਟ ਵਿੱਚ ਲਗਾ ਕੇ ਮੈਨੂੰ ਜੋ ਮਾਣ ਦਿਤਾ ਹੈ ਉਹ ਹੀ ਸਭ ਤੋਂ ਵੱਡਾ ਵਰਦਾਨ ਹੈ। ਹੁਣ ਆਪ ਇਸ ਨਦੀ ਵਿੱਚ ਇਸ਼ਨਾਨ ਕਰੋ।

– ਪਹਿਲਾਂ ਤੂੰ ਪਾਣੀ ਪੀ, ਤਦ ਹੀ ਮੈਂ ਇਸ਼ਨਾਨ ਕਰਾਂਗਾ। – ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ।

ਨਦੀ ਦਾ ਰਿਹਾ-ਸਿਹਾ ਘਮੰਡ ਵੀ ਚੂਰ ਹੋ ਗਿਆ।





# ਦਾਦਾ ਜੀ

ਚਿਤੱਰਕਾਰ ਅਤੇ ਲੇਖਕ - ਅਜੈ ਕਾਲੜਾ








ਇਕ ਦਿਨ ਬਾਂਦਰ ਨੇ ਝੂੰਮਰ ਨੂੰ ਬਹੁਤ ਝਿੜਕਿਆ ਅਤੇ ਜੰਗਲ ਤੋਂ ਬਾਹਰ ਕੱਢ ਦਿੱਤਾ। ਝੂੰਮਰ ਨੂੰ ਕੋਈ ਫਰਕ ਨਹੀਂ ਪਿਆ ਅਤੇ ਉਹ ਜੰਗਲ ਦੇ ਕੋਲ ਵਸੇ ਪਿੰਡ ਵੱਲ ਰਵਾਨਾ ਹੋ ਗਿਆ।


ਰਾਹ ਵਿੱਚ ਚਲਦੇ ਹੋਏ ਝੂੰਮਰ ਨੇ ਇਕ ਖਰਬੂਜ਼ਿਆਂ ਦਾ ਖੇਤ ਵੇਖਿਆ ਅਤੇ ਉਥੇ ਲੱਗੇ ਖਰਬੂਜ਼ਿਆਂ ਨੂੰ ਵੇਖ ਕੇ ਉਸਦੇ ਮੂੰਹ ਵਿੱਚ ਪਾਣੀ ਆ ਗਿਆ।



ਝੂੰਮਰ ਨੇ ਸੋਚਿਆ- ਹੁਣ ਮੈਂ ਇਸ ਖੇਤ ਦੇ ਆਸ-ਪਾਸ ਹੀ ਰਹਾਂਗਾ, ਅਤੇ ਜਦ ਵੀ ਭੁੱਖ ਲਗੇਗੀ ਇਥੇ ਆ ਜਾਵਾਂਗਾ। ਇਹ ਸੋਚ ਕੇ ਉਹ ਗਧਾ ਉਥੇ ਠਹਿਰ ਗਿਆ ਅਤੇ ਖੇਤ ਵਿੱਚ ਜਾ ਕੇ ਖਰਬੂਜੇ ਖਾਣ ਲੱਗਾ।


ਆਲਸੀ ਡੂੰਮਰ ਖਰਬੂਜੇ ਖਾ ਕੇ, ਛਿਲਕਿਆਂ ਨੂੰ ਉਥੇ ਸੁੱਟ ਕੇ ਅਤੇ ਖੇਤ ਤੋਂ ਥੋੜੀ ਦੂਰੀ ਤੇ ਖੜੇ ਇਕ ਰੁੱਖ ਦੇ ਹੇਠਾਂ ਜਾ ਕੇ ਸੌਂ ਜਾਂਦਾ।
ਕੁਝ ਦਿਨਾਂ ਬਾਦ ਖੇਤ ਦਾ ਮਾਲਿਕ ਖੇਤ ਵਿੱਚ ਆਇਆ ਅਤੇ ਖੇਤ ਦੀ ਬੁਰੀ ਹਾਲਤ ਵੇਖ ਕੇ ਹੈਰਾਨ ਰਹਿ ਗਿਆ।
ਮਾਲਿਕ ਨੇ ਖਰਬੂਜ਼ਿਆਂ ਦੇ ਛਿਲਕੇ ਵੇਖ ਕੇ ਅੰਦਾਜ਼ਾ ਲਗਾਇਆ ਕਿ ਕੋਈ ਇਥੇ ਰੋਜ਼ ਖਾਣ ਆਉਂਦਾ ਹੈ ਅਤੇ ਇਸ ਪ੍ਰਕਾਰ ਉਹ ਕੱਲ ਫਿਰ ਆਏਗਾ।
ਖੇਤ ਦਾ ਮਾਲਿਕ ਕਾਂ ਭਜਾਉਣ ਵਾਲੇ ਪੁਤਲੇ ਦੇ ਭੇਸ ਵਿੱਚ ਖੇਤ ਵਿੱਚ ਖੜਾ ਹੋ ਗਿਆ ਅਤੇ ਉਸਦੀ ਉਡੀਕ ਕਰਨ ਲੱਗਾ।


ਥੋੜੀ ਦੇਰ ਬਾਦ ਉਥੇ ਝੂੰਮਰ ਆ ਗਿਆ। ਝੂੰਮਰ ਨੂੰ ਵੇਖਦੇ ਹੀ ਮਾਲਿਕ ਲਾਠੀ ਲੈ ਕੇ ਦੌੜਿਆ ਅਤੇ ਗਧੇ ਦੀ ਜਮ ਕੇ ਪਿਟਾਈ ਕੀਤੀ।
ਉਸ ਦਿਨ ਤੋਂ ਗਧੇ ਨੇ ਕਸਮ ਖਾਧੀ, ਕਦੇ ਕਾਮਚੋਰੀ ਨਹੀਂ ਕਰਾਂਗਾ। ਹੁਣ ਝੂੰਮਰ ਇਕ ਦੁਕਾਨ ਤੇ ਲੱਕੜੀ ਢੋਹਣ ਦੇ ਕੰਮ ਤੇ ਲਗ ਗਿਆ।
ਇਕ ਦਿਨ ਚਿੜੀ ਨੇ ਝੂੰਮਰ ਨੂੰ ਲੱਕੜੀ ਢੋਂਹਦੇ ਵੇਖਿਆ। ਉਹ ਬਹੁਤ ਖੁਸ਼ ਹੋਈ ਅਤੇ ਝੂੰਮਰ ਨੂੰ ਬੋਲੀ- ਇਹ ਤਾਂ ਬਹੁਤ ਵਧੀਆ ਹੋਇਆ ਕਿ ਤੂੰ ਆਲਸ ਛੱਡ ਕੇ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ ਹੈ।
ਚਲੋ ਮੇਰੇ ਨਾਲ ਜੰਗਲ ਵਾਪਸ ਚਲੋ। ਬਾਂਦਰ ਤੈਨੂੰ ਮਿਲ ਕੇ ਬਹੁਤ ਖੁਸ਼ ਹੋਵੇਗਾ। ਚਿੜੀ ਨੇ ਜਿਵੇਂ ਕਿਹਾ ਉਝ ਹੀ ਹੋਇਆ ਅਤੇ ਬਾਂਦਰ ਨੇ ਗਧੇ ਨੂੰ ਆਸ਼ੀਰਵਾਦ ਦਿੱਤਾ।
ਬੱਚਿਓ ਆਲਸ ਅਤੇ ਲਾਲਚ ਕਦੇ ਨਹੀਂ ਕਰਨਾ ਚਾਹੀਦਾ, ਕਿਉਂਕਿ ਇਹਨਾਂ ਦੋਹਾਂ ਦਾ ਫਲ ਬੁਰਾ ਹੀ ਮਿਲਦਾ ਹੈ।

# ਬੁੱਧੀ ਦੀ ਪਰਖ

**ਦੋਹਾਂ ਚਿਤੱਰਾਂ ਵਿਚੋਂ 10 ਅੰਤਰ ਲੱਭੋ !**



kids Nirankari
spiritual dreamland for kids

# Spiritual Zone for kids



With the blessings of His Holiness
Experience online spiritual learning
with exciting and fun features
highlights our mission's message.
Visit regularly to watch tiny tots
excelling in the spiritual journey.

**kids.nirankari.org**

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

**Share**
your talent
in form of
painting, poetry
& story



Registered with the Registrar of Newspaper For India Under RNI No. 32345/77 : Delhi Postal Regd. No. G-3/DL (N)/137/2018-20
: Licence No. U (DN)-60/2018-20
: Licenced to post without Pre-payment




# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਉ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ

PH. 011–47660200, E-mail : patrika@nirankari.org

ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

| TAMIL | ORIYA | TELUGU | GUJRATI | KANNADA | BANGLA |
|---|---|---|---|---|---|
| Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.) Ph. 04423740830 | Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250 | Sant Nirankari Satsang Bhawan, No. 6-2-970, Khairtabad, HYDERABAD-Pin : 500 029 Ph. 0104-23317879 | Sant Nirankari Satsang Bhawan, 1st Floor, 50, Morbag Road, Naigaon, Dadar (E) MUMBAI - 400 014 (Mah.) Ph. 22-24102047 | Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka) Ph. 080-26577212 | Sant Nirankari Satsang Bhawan, 884,G.T. Road, Laxmipur-2 East Bardhman—713101 Ph. 0342-2657219 |

ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।

Posted at NDPSO Prescribed dates 23rd & 24th. Date of Publication: 17th & 18th (Advance Month)